# ਸੰਦੇਸ਼



**- ਡਾ. ਚੰਦਰ ਕਾਂਤਾ**

ਪਿਆਰੇ ਵਿਦਿਆਰਥੀਓ,

ਜਲੰਧਰ ਸ਼ਹਿਰ ਦੇ ਵਾਸੀਆਂ ਦੀ ਹਿੰਮਤ ਅਤੇ ਉੱਦਮ ਨਾਲ ਸ਼ਹਿਰ ਤੇ ਇਸ ਦੇ ਆਸ-ਪਾਸ ਦੇ ਪਿੰਡਾਂ ਦੇ ਹੋਣਹਾਰ ਨੌਜਵਾਨ ਵਿਦਿਆਰਥੀਆਂ ਲਈ ਇਹ ਬੜੀ ਖੁਸ਼ੀ ਵਾਲੀ ਗੱਲ ਹੈ, ਕਿ ਉਹਨਾਂ ਨੂੰ ਉੱਚੇਰੀ ਸਿੱਖਿਆ ਪ੍ਰਾਪਤ ਕਰਨ ਲਈ, ਭਾਰਤ ਦੇ ਸੰਵਿਧਾਨ ਦੇ ਨਿਰਮਾਤਾ ਦੇ ਨਾਮ ਤੇ ਨਵੇਂ ਬਣੇ 'ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਰਕਾਰੀ ਕੋ-ਐਜੂਕੇਸ਼ਨ ਕਾਲਜ, ਬੂਟਾ ਮੰਡੀ, ਜਲੰਧਰ' ਵਿੱਚ ਪੜ੍ਹਨ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ।

ਕਾਲਜ ਦੀ ਨਵੀਂ ਇਮਾਰਤ ਸੋਹਣੇ ਤੇ ਨਵੀਨ ਢੰਗ ਨਾਲ ਉਸਾਰੀ ਗਈ ਹੈ, ਜਿਸ ਵਿੱਚ ਲੜਕੇ ਤੇ ਲੜਕੀਆਂ ਦੀ ਪੜ੍ਹਾਈ ਲਈ ਆਧੁਨਿਕ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਕਾਲਜ ਦੀ ਨਵੀਂ ਬਣੀ ਇਮਾਰਤ ਵਿੱਚ ਅਕਾਦਮਿਕ ਸੈਸ਼ਨ 2021-22 ਵਿੱਚ ਬੀ.ਏ., ਬੀ.ਕਾਮ., ਬੀ.ਸੀ.ਏ., ਬੀ.ਬੀ.ਏ. ਅਤੇ ਪੀ.ਜੀ.ਡੀ.ਸੀ.ਏ. ਦੀਆਂ ਕਲਾਸਾਂ ਦਾ ਸ਼ੁਭ-ਆਰੰਭ ਹੋਇਆ ਸੀ। ਅਕਾਦਮਿਕ ਸੈਸ਼ਨ 2022-23 ਤੋਂ ਬੀ.ਐਸ.ਸੀ.(ਨਾਨ ਮੈਡੀਕਲ) ਦੀਆਂ ਕਲਾਸਾਂ ਸ਼ੁਰੂ ਹੋ ਗਈਆਂ ਹਨ। ਇਸ ਸਮੁੱਚੀ ਪੜ੍ਹਾਈ ਦੇ ਨਾਲ-ਨਾਲ ਅਕਾਦਮਿਕ ਸੈਸ਼ਨ 2022-23 ਤੋਂ ਆਈ.ਟੀ. ਇਨੇਬਲਡ ਸਰਵਸਿਜ਼ ਦਾ ਸਰਟੀਫਿਕੇਟ ਕੋਰਸ ਵੀ ਸ਼ੁਰੂ ਕੀਤਾ ਗਿਆ ਹੈ। ਮੈਨੂੰ ਇਹ ਦੱਸਦਿਆਂ ਖੁਸ਼ੀ ਹੋ ਰਹੀ ਹੈ ਕਿ ਅਕਾਦਮਿਕ ਸੈਸ਼ਨ 2023-24 ਤੋਂ ਐਮ. ਕਾਮ. ਦੀ ਕਲਾਸ ਵੀ ਸ਼ੁਰੂ ਹੋ ਰਹੀ ਹੈ। ਇਸਦੇ ਨਾਲ-ਨਾਲ ਐਨ. ਸੀ. ਸੀ. ਦਾ ਗਰਲਜ਼ ਵਿੰਗ ਅਤੇ ਐਨ.ਐਸ.ਐਸ. ਦਾ ਯੂਨਿਟ ਵੀ ਸ਼ੁਰੂ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਦਾ ਇਸ ਵਿੱਦਿਅਕ ਸੰਸਥਾ ਨੂੰ ਸਥਾਪਿਤ ਕਰਨ ਦਾ ਉਦੇਸ਼ ਹੈ ਕਿ ਹਰ ਵਰਗ ਦੇ ਵਿਦਿਆਰਥੀ ਆਪਣੀ ਸਮਰੱਥਾ ਅਨੁਸਾਰ ਉੱਚ ਸਿੱਖਿਆ ਪ੍ਰਾਪਤ ਕਰ ਸਕਣ। ਇਸ ਮੰਤਵ ਨੂੰ ਸਾਹਮਣੇ ਰੱਖਦਿਆਂ ਹੋਇਆਂ, ਸੰਸਥਾ ਵਿੱਚ ਉੱਚ ਵਿੱਦਿਆ ਪ੍ਰਾਪਤ, ਨਿਪੁੰਨ ਸਟਾਫ਼ ਹਰ ਵਕਤ ਵਿਦਿਆਰਥੀਆਂ ਨੂੰ ਨਿਰਪੱਖ ਸੇਵਾ ਦੇਣ ਲਈ ਤੱਤਪਰ ਤੇ ਸਮਰਪਿਤ ਹੈ। ਸਰਕਾਰ ਦਾ ਇਹ ਸ਼ਲਾਘਾਯੋਗ ਉਪਰਾਲਾ ਜਲੰਧਰ ਅਤੇ ਆਸ-ਪਾਸ ਦੇ ਇਲਾਕੇ ਦੇ ਵਿਦਿਆਰਥੀਆਂ ਨੂੰ ਬਹੁਤ ਹੀ ਵਾਜਿਬ ਫ਼ੀਸ ਦੇ ਕੇ ਉਹਨਾਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਹਿੱਤ ਹੈ, ਤਾਂ ਜੋ ਉਹ ਆਪਣੇ ਜੀਵਨ ਦੇ ਮਿਥੇ ਟੀਚਿਆਂ ਦੀ ਪ੍ਰਾਪਤੀ ਕਰ ਸਕਣ। ਸਰਕਾਰ ਭਵਿੱਖ ਵਿੱਚ ਵੀ ਇਸ ਕਾਲਜ ਨੂੰ ਹੋਰ ਵਿਕਸਤ ਕਰਨ ਲਈ ਵਚਨਬੱਧ ਹੈ ਤੇ ਇਸ ਨੂੰ ਉੱਚ-ਕੋਟੀ ਦੀ ਵਿੱਦਿਅਕ ਸੰਸਥਾ ਬਣਾਉਣ ਲਈ ਵਿਸ਼ੇਸ਼ ਤਰਜੀਹ ਦੇ ਰਹੀ ਹੈ।

ਮੈਂ ਸਭ ਵਿਦਿਆਰਥੀਆਂ ਦਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਰਕਾਰੀ ਕੋ-ਐਜੂਕੇਸ਼ਨ ਕਾਲਜ, ਬੂਟਾ ਮੰਡੀ, ਜਲੰਧਰ ਵਿੱਚ ਸਵਾਗਤ ਕਰਦੀ ਹਾਂ। ਇਸ ਦੇ ਨਾਲ-ਨਾਲ ਤੁਹਾਡੇ ਕੋਲੋਂ ਸਭ ਤੋਂ ਵੱਡੀ ਉਮੀਦ ਇਹ ਰੱਖਦੀ ਹਾਂ ਕਿ ਤੁਸੀਂ ਸਭ ਅਨੁਸ਼ਾਸਨ ਵਿੱਚ ਰਹਿ ਕੇ ਇਸ ਸੰਸਥਾ ਤੋਂ ਗਿਆਨ ਪ੍ਰਾਪਤ ਕਰੋਗੇ। ਮੈਂ ਤੁਹਾਡੀ ਕਾਮਯਾਬੀ ਲਈ ਅਰਦਾਸ ਕਰਦੀ ਹੋਈ ਤੁਹਾਡੇ ਸੁਨਹਿਰੇ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੰਦੀ ਹਾਂ।

**ਸ਼ੁੱਭ ਇਛਾਵਾਂ ਸਹਿਤ**

**- ਪ੍ਰਿੰਸੀਪਲ**

ਬਾਬਾ ਸਾਹਿਬ ਭੀਮ ਰਾਓ ਅੰਬੇਦਕਰ

ਸਰਕਾਰੀ ਕੋ-ਐਜੂਕੇਸ਼ਨ ਕਾਲਜ, ਬੂਟਾ ਮੰਡੀ, ਜਲੰਧਰ।

# ਪਹਿਲੇ ਸਮੈਸਟਰ ਦੇ ਦਾਖਲੇ ਲਈ ਆਨ-ਲਾਈਨ ਦਾਖਲੇ ਦੀਆਂ ਮਿਤੀਆਂ

ਕਾਲਜ ਵਿੱਚ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕਲਾਸਾਂ ਦੇ ਪਹਿਲੇ ਸਮੈਸਟਰ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਦਾਖਲੇ ਲਈ ਆਨ-ਲਾਈਨ ਪੋਰਟਲ www.punjabcollegeadmissions.org ਉੱਪਰ ਰਜਿਸਟ੍ਰੇਸ਼ਨ ਕਰਵਾ ਲੈਣ। ਵਿਦਿਆਰਥੀ ਆਪਣੀ Student I.D. ਬਣਵਾ ਲੈਣ। ਵਿਦਿਆਰਥੀ ਰਜਿਸਟ੍ਰੇਸ਼ਨ ਦੀ ਇੱਕ ਫੋਟੋ ਕਾਪੀ ਦਾਖਲਾ ਲੈਣ ਸਮੇਂ ਫਾਰਮ ਨਾਲ ਲਗਾਏਗਾ।

ਅਕਾਦਮਿਕ ਸਾਲ 2023-24 ਲਈ ਕੇਂਦਰੀ ਦਾਖਲਾ ਪੋਰਟਲ ਤੇ ਅੰਡਰ ਗ੍ਰੈਜੂਏਟ ਤੇ ਪੋਸਟ ਗ੍ਰੈਜੂਏਟ ਕਲਾਸਾਂ ਦੀਆਂ ਦਾਖਲਾ ਮਿਤੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ-

## Under Graduate Courses Schedule (Fresh Admissions)

| Sr. No. | Title | Date/Timelines |
|---|---|---|
| 1. | Start date of submission of Admission Forms on portal | 15th May 2023 |
| 2. | End date of Submission of Admission Forms on portal | 10th June 2023 |
| 3. | Online Document Verification | 11th June, 2023-13th June, 2023 |
| 4. | Preparation of Merit List | 14th to 17th June, 2023 |
| 5. | Display of Provisional Merit List | 18th June 2023 |
| 6. | Removal of Objections to the Provisional Merit List | 19th and 20 June 2023 |
| 7. | Display of Final Merit List | 21st June, 2023 (5 PM) |
| 8. | Counselling and First Round of Admissions | 22-24 June, 2023 |
| 9. | Last date for Submission of Admission Fee and other charges | 26th June, 2023 |
| 10. | Commencement of Online Open Counselling | 29th June, 2023 |
| 11. | Last date of UG open Counselling | 5th July 2023 |
| 12. | Last date of submission of Admission Fee and other charges for UG open counselling | 7th July 2023 |
| 13. | Commencement of UG Classes | 10th July, 2023 |

## Post Graduate Courses Schedule (Fresh Admissions)

| Sr. No. | Title | Date/Timelines |
|---|---|---|
| 1. | Start date of submission of Admission Forms on portal | 15th July, 2023 |
| 2. | End date of Submission of Admission Forms on portal | 25th July, 2023 |
| 3. | Online Document Verification | 26th July, 2023 to 29th July 2023 |
| 4. | Preparation of Merit List | 30 July to 1st August, 2023 |
| 5. | Display of Provisional Merit List | 2nd August 2023 |
| 6. | Removal of Objections to the Provisional Merit List | 3rd and 4th August 2023 |
| 7. | Display of Final Merit List | 5th August 2023 (5 PM) |
| 8. | Counselling and First Round of Admissions | 6th August, 2023 |
| 9. | Last date for Submission of Admission Fee and other charges | 8th August, 2023 |
| 10. | Commencement of Online Open Counselling | 10th August, 2023 |
| 11. | Last date of PG open Counselling | 14th August, 2023 |
| 12. | Last date of submission of Admission Fee and other charges for PG open counselling | 16th August, 2023 |
| 12. | Commencement of Classes | 16th August, 2023 |

Apart from that if seats still remains vacant after the above rounds of counselling and there is a need to make further admissions to fill up the vacant seats then it will be with late fee as per university norms as follows :

a. Admission portal will be re-opened for making the late admissions.
b. UG Admissions with Late fee with the permission of Principal-31st July, 2023
c. UG Admissions with Late fee with permission of University- 31st August, 2023.
d. PG Admissions with Late fee with permission of Principal - 31st August, 2023
e. PG Admissions with Late fee with permission of University - 15th September, 2023.

University norms will be followed for admitting the students with late fee.

# ਯੂਨੀਵਰਸਿਟੀ ਦਾਖ਼ਲੇ ਦੀਆਂ ਮਿਤੀਆਂ ਸਾਲ 2023-24

| Intermediate ਕਲਾਸਾਂ ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਦਾ ਦਾਖਲਾ ਸ਼ਡਿਊਲ | | |
|---|---|---|
| 1. | ਦਾਖਲੇ ਦੀ ਨਾਰਮਲ ਤਾਰੀਖ | 14-08-2023 ਤੱਕ |
| 2. | 100/- ਰੁਪਏ ਲੇਟ ਫੀਸ-<br>(ਪ੍ਰਿੰਸੀਪਲ ਸਾਹਿਬ ਦੀ ਪ੍ਰਵਾਨਗੀ ਨਾਲ) | 15-08-2023 ਤੋਂ 21-08-2023 ਤੱਕ |
| 3. | 200/- ਰੁਪਏ ਲੇਟ ਫੀਸ<br>(ਡੀਨ ਅਕਾਦਮਿਕ ਮਾਮਲੇ ਜੀ ਦੀ ਪ੍ਰਵਾਨਗੀ ਨਾਲ) | 22-08-2023 ਤੋਂ 28-08-2023 ਤੱਕ |
| 4. | 1000/- ਰੁਪਏ ਲੇਟ ਫੀਸ<br>(ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | 29-08-2023 ਤੋਂ 04-09-2023 ਤੱਕ |
| 5. | 5000/- ਰੁਪਏ ਲੇਟ ਫੀਸ<br>(ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਨਾਲ) | 05-09-2023 ਤੋਂ 19-09-2023 ਤੱਕ |

## ਕਾਲਜ ਵਿੱਚ ਦਾਖ਼ਲੇ ਦੀਆਂ ਮਿਤੀਆਂ (ਸਮਾਂ 9.30 ਵਜੇ ਸਵੇਰੇ ਤੋਂ 3.00 ਵਜੇ ਦੁਪਹਿਰ)

| ਲੜੀ ਨੰ: | ਕਲਾਸ | ਕਾਲਜ ਵਿੱਚ ਦਾਖਲੇ ਦੀ ਮਿਤੀ | ਦਾਖਲੇ ਦਾ ਸਥਾਨ |
|---|---|---|---|
| 1. | ਬੀ.ਏ., ਬੀ.ਕਾਮ., ਬੀ.ਸੀ.ਏ. ਬੀ.ਬੀ.ਏ., ਬੀ.ਐਸ.ਸੀ. (ਨਾਨ ਮੈਡੀਕਲ) ਪੀ.ਜੀ.ਡੀ.ਸੀ.ਏ. ਅਤੇ ਐਮ.ਕਾਮ. - ਸਮੈਸਟਰ ਪਹਿਲਾ | ਕੇਂਦਰੀ ਦਾਖਲਾ ਪੋਰਟਲ ਦੀਆਂ ਮਿਤੀਆਂ ਅਨੁਸਾਰ | ਸਟਾਫ ਰੂਮ |
| 2. | ਬੀ.ਏ., (ਸਮੈਸਟਰ ਤੀਜਾ ਅਤੇ ਪੰਜਵਾਂ) | 13.07.2023 ਤੋਂ 15.07.2023 ਤੱਕ | ਸਟਾਫ ਰੂਮ |
| 3. | ਬੀ.ਕਾਮ.,ਬੀ.ਸੀ.ਏ., ਬੀ.ਬੀ.ਏ., ਬੀ.ਐਸ.ਸੀ. (ਨਾਨ ਮੈਡੀਕਲ) (ਸਮੈਸਟਰ ਤੀਜਾ) ਬੀ.ਕਾਮ.,ਬੀ.ਸੀ.ਏ. (ਸਮੈਸਟਰ ਪੰਜਵਾਂ) | 11.07.2023 ਤੋਂ 12.07.2023 ਤੱਕ | ਸਟਾਫ ਰੂਮ |

## ਦਾਖ਼ਲੇ ਲਈ ਸੀਟਾਂ ਦਾ ਵੇਰਵਾ

ਬੀ.ਏ. ਭਾਗ (ਪਹਿਲਾ)-160 ਸੀਟਾਂ

ਬੀ.ਐਸ.ਸੀ. (ਨਾਨ-ਮੈਡੀਕਲ) ਭਾਗ (ਪਹਿਲਾ) - 30 ਸੀਟਾਂ

ਬੀ.ਬੀ.ਏ. ਭਾਗ (ਪਹਿਲਾ) - 60 ਸੀਟਾਂ

ਪੀ.ਜੀ.ਡੀ.ਸੀ.ਏ - 40 ਸੀਟਾਂ

ਬੀ.ਕਾਮ.ਭਾਗ - (ਪਹਿਲਾ) - 75 ਸੀਟਾਂ

ਬੀ.ਸੀ.ਏ. ਭਾਗ (ਪਹਿਲਾ) - 60 ਸੀਟਾਂ

ਐਮ. ਕਾਮ. ਭਾਗ (ਪਹਿਲਾ) - 60 ਸੀਟਾਂ

### ਦਾਖ਼ਲੇ ਲਈ ਅਰਜ਼ੀ-

ਅਰਜ਼ੀ ਹੇਠ ਲਿਖੇ ਦਸਤਾਵੇਜ਼ਾਂ ਸਮੇਤ ਪ੍ਰਿੰਸੀਪਲ ਦੇ ਦਫ਼ਤਰ ਵਿੱਚ ਨਿਸ਼ਚਿਤ ਮਿਤੀ ਤੱਕ ਪਹੁੰਚ ਜਾਣੀ ਚਾਹੀਦੀ ਹੈ।

1. ਮੈਟ੍ਰਿਕ ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ
2. ਪਹਿਲਾਂ ਪਾਸ ਕੀਤੀ ਪ੍ਰੀਖਿਆ ਦਾ ਬੋਰਡ/ਯੂਨੀਵਰਸਿਟੀ ਸਰਟੀਫ਼ਿਕੇਟ
3. ਜਿਸ ਸਕੂਲ ਜਾਂ ਕਾਲਜ ਵਿੱਚ ਪਹਿਲਾਂ ਪੜ੍ਹਦੇ ਸੀ ਉਸ ਦੇ ਮੁਖੀ ਤੋਂ ਕਰੈਕਟਰ ਸਰਟੀਫਿਕੇਟ
4. ਦੂਜੇ ਰਾਜਾਂ/ਪੰਜਾਬ ਦੇ ਦੂਸਰੇ ਕਾਲਜਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਇਲੀਜੀਬਿਲਟੀ (ਕਰੈਕਟਰ) ਸਰਟੀਫਿਕੇਟ/ਇੰਟਰ ਕਾਲਜ ਮਾਈਗ੍ਰੇਸ਼ਨ-ਸਰਟੀਫਿਕੇਟ ਪ੍ਰਾਪਤ ਕਰਨਾ ਜ਼ਰੂਰੀ ਹੈ।
5. ਪਾਸਪੋਰਟ ਸਾਈਜ਼-3 ਫੋਟੋ।
6. ਵੋਟਰ ਆਈ.ਡੀ. ਅਤੇ ਆਧਾਰ ਕਾਰਡ ਦੀ ਕਾਪੀ।

# ਕਾਲਜ ਸਟਾਫ਼

ਪ੍ਰਿੰਸੀਪਲ **ਡਾ. ਚੰਦਰ ਕਾਂਤਾ** ਐਮ.ਏ. (ਹਿਸਟਰੀ, ਗੋਲਡ ਮੈਡਲਿਸਟ) ਐਮ. ਫਿਲ., ਪੀ-ਐਚ.ਡੀ.

## ਟੀਚਿੰਗ ਸਟਾਫ਼-

### ਗਣਿਤ

1. ਡਾ. ਕਮਲ ਕਿਸ਼ੋਰ, ਐਸੋਸੀਏਟ ਪ੍ਰੋਫੈਸਰ, ਪੀ.ਈ.ਐੱਸ-1
   ਐਮ.ਐਸ.ਸੀ., ਐਮ.ਫਿਲ਼, ਪੀ-ਐੱਚ.ਡੀ.

### ਪੰਜਾਬੀ

1. ਡਾ. ਸੁਖਪਾਲ ਸਿੰਘ ਥਿੰਦ, ਪ੍ਰੋਫੈਸਰ, ਪੀ.ਈ.ਐਸ-1
   ਐਮ.ਏ. (ਯੂ.ਜੀ.ਸੀ. (ਜੇ.ਆਰ.ਐੱਫ) ਨੈੱਟ), ਪੀ-ਐੱਚ.ਡੀ.
2. ਸ਼੍ਰੀਮਤੀ ਪੂਨਮ ਬੈਂਸ (ਗੈਸਟ ਫੈਕਲਟੀ) ਐਮ.ਏ., ਐਮ.ਫਿਲ. (ਯੂ.ਜੀ.ਸੀ.ਨੈੱਟ)

### ਹਿੰਦੀ

1. ਵਿਜਟਿੰਗ ਰਿਸੋਰਸ ਫੈਕਲਟੀ *

### ਅੰਗਰੇਜ਼ੀ-

1. ਡਾ. ਰਜਨੀਸ਼ ਕੁਮਾਰ, ਅਸਿਸਟੈਂਟ ਪ੍ਰੋਫ਼ੈਸਰ. ਪੀ.ਈ.ਐਸ-1
   ਐਮ.ਏ., ਐਮ.ਫਿਲ., (ਯੂ.ਜੀ.ਸੀ. ਨੈੱਟ) ਪੀ.ਐਚ.ਡੀ
2. ਸ਼੍ਰੀਮਤੀ ਨਵਿਤਾ, ਅਸਿਸਟੈਂਟ ਪ੍ਰੋਫ਼ੈਸਰ, ਪੀ.ਈ.ਐਸ-1
   ਐਮ.ਏ., (ਯੂ.ਜੀ.ਸੀ.ਨੈੱਟ)

### ਲੋਕ ਪ੍ਰਸ਼ਾਸਨ

1. ਖ਼ਾਲੀ

### ਇਤਿਹਾਸ

1. ਵਿਜਟਿੰਗ ਰਿਸੋਰਸ ਫੈਕਲਟੀ *

### ਸਰੀਰਕ ਸਿੱਖਿਆ-

1. ਡਾ. ਰਮਣੀਕ ਕੌਰ, ਐਸੋਸੀਏਟ ਪ੍ਰੋਫੈਸਰ, ਪੀ.ਈ.ਐਸ-1
   ਐਮ.ਏ. (ਗੋਲਡ ਮੈਡਲਿਸਟ) ਐਮ.ਫਿਲ., ਪੀ. ਐੱਚ.ਡੀ.,
   ਡਿਪਲੋਮਾ ਇਨ ਕੋਚਿੰਗ (ਐਥਲੈਟਿਕਸ)
2. ਸ਼੍ਰੀਮਤੀ ਨਰਿੰਦਰ ਕੌਰ, ਅਸਿਸਟੈਂਟ ਪ੍ਰੋਫ਼ੈਸਰ, ਪੀ.ਈ.ਐਸ-1
   ਬੀ.ਐੱਡ., ਐਮ.ਏ. (ਸਿਲਵਰ ਮੈਡਲਿਸਟ) (ਯੂ.ਜੀ.ਸੀ.ਨੈੱਟ)
   ਡਿਪਲੋਮਾ ਇਨ ਕੋਚਿੰਗ (ਜੂਡੋ),

### ਭੂਗੋਲ

1. ਸ. ਹਰਦੀਪ ਸਿੰਘ (ਗੈਸਟ ਫੈਕਲਟੀ) ਐਮ.ਐਸ-ਸੀ. (ਯੂ.ਜੀ.ਸੀ.ਨੈੱਟ)

### ਅਰਥ ਸ਼ਾਸਤਰ-

1. ਸ਼੍ਰੀ ਅਸ਼ਵਨੀ ਕੁਮਾਰ (ਪਾਰਟ ਟਾਈਮ) ਐਮ.ਏ. (ਯੂ.ਜੀ.ਸੀ.ਨੈੱਟ)

### ਰਾਜਨੀਤੀ ਵਿਗਿਆਨ-

1. ਸ਼੍ਰੀਮਤੀ ਅਨੂ ਸ਼ਰਮਾ, (ਗੈਸਟ ਫੈਕਲਟੀ) ਐਮ.ਏ.ਐਮ.ਫਿਲ., ਬੀ.ਐੱਡ

### ਕੰਪਿਊਟਰ ਸਾਇੰਸ

ਖ਼ਾਲੀ

### ਰਸਾਇਣ ਵਿਗਿਆਨ

1. ਡਾ. ਜਸਮੀਤ ਸੇਠੀ, ਐਸੋਸੀਏਟ ਪ੍ਰੋਫ਼ੈਸਰ (ਕਲਸਟਰ ਡਿਊਟੀ)
   ਐਮ.ਐਸ.ਸੀ.ਐਮ.ਫਿਲ. (ਗੋਲਡ ਮੈਡਲਿਸਟ), ਐਮ.ਐਡ., ਪੀ.ਐੱਚ.ਡੀ

### ਭੌਤਿਕ ਵਿਗਿਆਨ

1. ਡਾ. ਜਗਜੀਤ ਕੌਰ, ਐਸੋਸੀਏਟ ਪ੍ਰੋਫੈਸਰ (ਕਲਸਟਰ ਡਿਊਟੀ)
   ਐਮ.ਏ, ਬੀ-ਐੱਡ, ਐਮ.ਐਸ.ਸੀ. ਐਮ.ਫਿਲ. ਪੀ-ਐੱਚ.ਡੀ

### ਮਿਊਜ਼ਿਕ

1. ਸ਼੍ਰੀਮਤੀ ਸੁਮਨ ਬਾਲਾ (ਪਾਰਟ ਟਾਈਮ)
   ਐਮ.ਏ.ਮਿਊਜ਼ਿਕ (ਵੋਕਲ), ਐਮ.ਏ. ਮਿਊਜ਼ਿਕ (ਇੰਸਟਰੂਮੈਂਟਲ) (ਯੂ.ਜੀ.ਸੀ.ਨੈੱਟ)

### ਕਾਮਰਸ

1. ਡਾ. ਹਰਬਲਾਸ ਹੀਰਾ, ਐਸੋਸੀਏਟ ਪ੍ਰੋਫ਼ੈਸਰ, ਪੀ.ਈ.ਐਸ-1
   ਐਮ.ਕਾਮ., ਪੀ-ਐੱਚ.ਡੀ
2. ਸ਼੍ਰੀਮਤੀ ਸੀਮਾ ਰਾਣੀ (ਪਾਰਟ ਟਾਈਮ)
   ਐਮ.ਕਾਮ., ਐਮ.ਏ. (ਅਰਥਸ਼ਾਸਤਰ) (ਯੂ.ਜੀ.ਸੀ., ਨੈੱਟ)
3. ਵਿਜਟਿੰਗ ਰਿਸੋਰਸ ਫੈਕਲਟੀ *

### ਲਾਇਬ੍ਰੇਰੀ ਵਿਭਾਗ-

1. ਲਾਇਬਰੇਰੀਅਨ- ਖ਼ਾਲੀ
2. ਲਾਇਬਰੇਰੀ ਰਿਸਟੋਰਰ- ਖ਼ਾਲੀ

### ਮੈਡੀਕਲ ਵਿਭਾਗ

1. ਡਾ. ਮੰਜੂਲਿਕਾ ਸਿੱਧੂ
   ਮੈਡੀਕਲ ਅਫਸਰ, ਪੀ.ਸੀ.ਐਮ.ਐਸ.-1 (ਐਮ.ਬੀ.ਬੀ.ਐੱਸ.)

### H.E.I.S. ਸਟਾਫ-

1. ਡਾ. ਨਰਿੰਦਰ ਕੁਮਾਰ ਐਮ.ਐਸ-ਸੀ (ਮੈਥਸ), ਐਮ.ਸੀ.ਏ., ਪੀ-ਐੱਚ.ਡੀ.
2. ਸ਼੍ਰੀ ਨਰੇਸ਼ ਕੁਮਾਰ ਐਮ.ਐਸ-ਸੀ. (ਕੰ. ਸਾਇੰਸ) ਐਮ.ਏ. (ਪੰਜਾਬੀ), ਆਈ.ਟੀ.ਆਈ.
3. ਸ਼੍ਰੀ ਅਸ਼ਵਨੀ ਵਾਲੀਆ ਬੀ.ਟੈੱਕ.
4. ਸ਼੍ਰੀਮਤੀ ਤਨਵੀ-ਡੈਟਾ ਐਂਟਰੀ ਉਪਰੇਟਰ
5. ਸ਼੍ਰੀ ਬੀਰਬਲ-ਸੇਵਾਦਾਰ

### ਭੂਗੋਲ ਪ੍ਰਯੋਗਸ਼ਾਲਾ ਸਟਾਫ਼-

ਐਸ.ਐਲ.ਏ. - ਖ਼ਾਲੀ
ਜੇ.ਐਲ.ਏ. - ਖ਼ਾਲੀ

### ਕਾਲਜ ਦਫਤਰ-

1. ਸੁਪਰਡੈਂਟ - ਖ਼ਾਲੀ
2. ਜੂਨੀਅਰ ਸਹਾਇਕ - ਸ਼੍ਰੀ ਸੰਦੀਪ ਕੁਮਾਰ
3. ਕਲਰਕ - ਸਿਮਰਤਪਾਲ ਸਿੰਘ
4. ਕਲਰਕ - ਸ਼੍ਰੀ ਹਰਪ੍ਰੀਤ ਸਿੰਘ
5. ਦਫ਼ਤਰੀ (ਦਰਜਾ ਚਾਰ ਕਰਮਚਾਰੀ) - ਸ਼੍ਰੀ ਰਜਿੰਦਰ ਕੁਮਾਰ

### ਦਰਜਾ ਚਾਰ ਕਰਮਚਾਰੀ-

1. ਸ਼੍ਰੀ ਦੇਸ ਰਾਜ (ਗੇਮ ਬੁਆਏ)
2. ਸ਼੍ਰੀ ਵਿਜੇ ਕੁਮਾਰ (ਸਵੀਪਰ)
3. ਸ਼੍ਰੀ ਸੁਰਿੰਦਰ ਕੁਮਾਰ (ਸਵੀਪਰ)
4. ਸ਼੍ਰੀ ਮਨੋਜ ਕੁਮਾਰ (ਬੇਲਦਾਰ)

* ਕਾਲਜ ਵਿੱਚ ਪੜ੍ਹਾਉਣ ਵਾਲੇ ਸੇਵਾ-ਮੁਕਤ ਕਾਲਜ ਪ੍ਰਾਅਧਿਆਪਕ

# ਕਾਲਜ ਦੇ ਮਹੱਤਵਪੂਰਨ ਅਹੁਦੇ

| | | |
|---|---|---|
| 1. | ਬਰਸਰ | ਡਾ. ਕਮਲ ਕਿਸ਼ੋਰ |
| 2. | ਰਜਿਸਟਰਾਰ | ਡਾ. ਕਮਲ ਕਿਸ਼ੋਰ |
| 3. | ਨੋਡਲ ਅਫਸਰ-ਕੈਰੀਅਰ ਗਾਈਡੈਂਸ ਐਂਡ ਪਲੇਸਮੈਂਟ ਸੈੱਲ | ਡਾ. ਰਮਣੀਕ ਕੌਰ |
| 4. | ਨੋਡਲ ਅਫ਼ਸਰ-ਅਕਡੈਮਿਕ ਬੈਂਕ ਆਫ਼ ਕਰੈਡਿਟਸ | ਡਾ. ਰਮਣੀਕ ਕੌਰ |
| 5. | ਐਂਟੀ ਰੈਗਿੰਗ ਸੈੱਲ | ਡਾ. ਰਮਣੀਕ ਕੌਰ |
| 6. | ਇੰਚਾਰਜ RUSA | ਡਾ. ਹਰਬਲਾਸ ਹੀਰਾ |
| 7. | ਨੈਕ ਕੋਆਰਡੀਨੇਟਰ | ਡਾ. ਹਰਬਲਾਸ ਹੀਰਾ |
| 8. | ਯੂਥ ਵੈਲਫੇਅਰ ਅਫ਼ਸਰ | ਡਾ. ਹਰਬਲਾਸ ਹੀਰਾ |
| 9. | ਪੀ.ਟੀ.ਏ. (ਖਜਾਨਚੀ) | ਡਾ. ਹਰਬਲਾਸ ਹੀਰਾ |
| 10. | ਇੰਚਾਰਜ ਕਾਲਜ ਬਿਲਡਿੰਗ | ਪ੍ਰੋ. ਡਾ. ਸੁਖਪਾਲ ਸਿੰਘ ਥਿੰਦ |
| 11. | ਮੁੱਖ-ਸੰਪਾਦਕ-ਕਾਲਜ ਮੈਗਜੀਨ 'ਸਮਲੋਕ' | ਪ੍ਰੋ. ਡਾ. ਸੁਖਪਾਲ ਸਿੰਘ ਥਿੰਦ |
| 12. | ਇੰਚਾਰਜ ਕਾਲਜ ਪ੍ਰਾਸਪੈਕਟਸ | ਪ੍ਰੋ. ਡਾ. ਸੁਖਪਾਲ ਸਿੰਘ ਥਿੰਦ |
| 13. | ਇੰਚਾਰਜ ਮੁੱਖ ਮੰਤਰੀ ਵਜੀਫਾ ਸਕੀਮ | ਪ੍ਰੋ. ਡਾ. ਸੁਖਪਾਲ ਸਿੰਘ ਥਿੰਦ |
| 14. | ਮੀਡੀਆ ਇੰਚਾਰਜ | ਪ੍ਰੋ. ਡਾ. ਸੁਖਪਾਲ ਸਿੰਘ ਥਿੰਦ |
| 15. | ਇੰਚਾਰਜ ਸਭਿਆਚਾਰਕ ਗਤੀਵਿਧੀਆਂ | ਡਾ. ਰਜਨੀਸ਼ ਕੁਮਾਰ |
| 16. | HEIS ਸਕੱਤਰ | ਡਾ. ਰਜਨੀਸ਼ ਕੁਮਾਰ |
| 17. | ਨੋਡਲ ਅਫਸਰ ਪਬਲਿਕ ਗ੍ਰੀਵੇਂਸਿਸ ਰੀਡਰੈਸਲ ਸਿਸਟਮ,ਪੰਜਾਬ | ਡਾ. ਰਜਨੀਸ਼ ਕੁਮਾਰ |
| 18. | ਇੰਚਾਰਜ ਪ੍ਰਾਪਰਟੀ | ਸ਼੍ਰੀਮਤੀ ਨਵਿਤਾ |
| 19. | ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫ਼ਸਰ | ਸ਼੍ਰੀਮਤੀ ਨਵਿਤਾ |
| 20. | ਸਟਾਫ਼ ਸਕੱਤਰ | ਸ਼੍ਰੀਮਤੀ ਨਰਿੰਦਰ ਕੌਰ |
| 21. | ਇੰਚਾਰਜ ਪੋਸਟ ਮੈਟ੍ਰਿਕ ਸਕਾਲਰਸ਼ਿਪ | ਸ਼੍ਰੀਮਤੀ ਨਰਿੰਦਰ ਕੌਰ |
| 22. | ਮਹਿਲਾ ਸ਼ਿਕਾਇਤ ਨਿਵਾਰਨ ਸੈੱਲ | ਸ਼੍ਰੀਮਤੀ ਨਰਿੰਦਰ ਕੌਰ |
| 23. | ਇੰਚਾਰਜ ਕਾਲਜ ਐੱਨ.ਐੱਸ.ਐੱਸ | ਸ਼੍ਰੀ ਅਸ਼ਵਨੀ ਕੁਮਾਰ ਜੱਸਲ |
| 24. | ਆਲ ਇੰਡੀਆ ਸਰਵੇ ਆਫ਼ ਹਾਇਰ ਐਜੂਕੇਸ਼ਨ (AISHE ਨੋਡਲ ਅਫ਼ਸਰ) | ਸ਼੍ਰੀਮਤੀ ਸੀਮਾ ਰਾਣੀ |
| 25. | ਇੰਚਾਰਜ ਬੱਸ ਪਾਸ | ਸ਼੍ਰੀਮਤੀ ਸੁਮਨ ਬਾਲਾ |
| 26. | ਇੰਚਾਰਜ ਐਨ.ਸੀ.ਸੀ. | ਸ਼੍ਰੀਮਤੀ ਅਨੂ ਸ਼ਰਮਾ |

# ਪੜ੍ਹਾਈ ਦੇ ਕੋਰਸ ਅਤੇ ਵਿਸ਼ੇ

ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਰਕਾਰੀ ਕੋ-ਐਜੂਕੇਸ਼ਨ ਕਾਲਜ, ਬੂਟਾ ਮੰਡੀ, ਜਲੰਧਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਨਾਲ ਸੰਬੰਧਿਤ ਹੈ। ਇਥੇ ਯੂਨੀਵਰਸਿਟੀ ਵੱਲੋਂ ਨਿਰਧਾਰਤ ਸਿਲੇਬਸ ਅਤੇ ਕੋਰਸਾਂ ਅਨੁਸਾਰ ਪੜ੍ਹਾਈ ਕਰਵਾਈ ਜਾਂਦੀ ਹੈ।

## ਪੜ੍ਹਾਏ ਜਾਣ ਵਾਲੇ ਕੋਰਸ-

### ਅੰਡਰ ਗ੍ਰੈਜੂਏਟ ਕੋਰਸ-

1. ਬੀ.ਏ. (ਛੇ ਸਮੈਸਟਰ)
2. ਬੀ.ਕਾਮ. (ਛੇ ਸਮੈਸਟਰ)
3. ਬੀ.ਐਸ-ਸੀ. (ਨਾਨ ਮੈਡੀਕਲ) (ਛੇ ਸਮੈਸਟਰ)

### ਪੋਸਟ ਗ੍ਰੈਜੂਏਟ ਕੋਰਸ-

1. ਐਮ. ਕਾਮ. (ਚਾਰ ਸਮੈਸਟਰ)

### ਸਵੈ-ਵਿੱਤੀ ਕੋਰਸ-

1. ਬੀ.ਸੀ.ਏ (ਛੇ ਸਮੈਸਟਰ)
2. ਬੀ.ਬੀ.ਏ. (ਛੇ ਸਮੈਸਟਰ)
3. ਪੀ.ਜੀ.ਡੀ.ਸੀ.ਏ. (ਦੋ ਸਮੈਸਟਰ)

### ਕਿੱਤਾ ਮੁਖੀ ਕੋਰਸ-

ਸਰਟੀਫਿਕੇਟ ਕੋਰਸ ਇਨ ਆਈ.ਟੀ. ਇਨੇਬਲਡ ਸਰਵਸਿਜ਼

## ਪੜ੍ਹਾਈ ਦੇ ਵਿਸ਼ੇ-

ਬੀ.ਏ. ਸਮੈਸਟਰ ਪਹਿਲਾ ਵਿੱਚ ਹੇਠ ਲਿਖੇ ਕੰਬੀਨੇਸ਼ਨ ਦਿੱਤੇ ਜਾਣਗੇ-

### ਲਾਜ਼ਮੀ ਵਿਸ਼ੇ-

1. ਅੰਗਰੇਜ਼ੀ
2. ਲਾਜ਼ਮੀ ਪੰਜਾਬੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ
3. ਨਸ਼ਾ-ਖੋਰੀ (ਬੀ.ਏ. ਸਮੈਸਟਰ ਪਹਿਲਾ)
4. ਇਨਵਾਇਰਮੈਂਟ ਸਟੱਡੀ (ਬੀ.ਏ. ਸਮੈਸਟਰ ਤੀਜਾ)

ਇਹਨਾਂ ਤੋਂ ਇਲਾਵਾ ਹੇਠ ਲਿਖਿਆਂ ਵਿਚੋਂ ਕੋਈ ਤਿੰਨ ਵਿਸ਼ੇ ਲੈਣੇ ਪੈਣਗੇ।

### ਚੋਣਵੇਂ ਵਿਸ਼ੇ-

1. ਪੰਜਾਬੀ/ਹਿੰਦੀ/ਅੰਗਰੇਜ਼ੀ
2. ਕਾਰਜੀ ਅੰਗਰੇਜ਼ੀ (ਫੰਕਸ਼ਨਲ ਇੰਗਲਿਸ਼)
3. ਇਤਿਹਾਸ / ਗਣਿਤ
4. ਅਰਥ ਸ਼ਾਸਤਰ
5. ਲੋਕ ਪ੍ਰਸ਼ਾਸਨ/ਸਰੀਰਕ ਸਿੱਖਿਆ/ਕੰਪਿਊਟਰ ਸਾਇੰਸ
6. ਰਾਜਨੀਤੀ ਵਿਗਿਆਨ
7. ਭੂਗੋਲ/ਸੰਗੀਤ (ਵੋਕਲ)

**ਨੋਟ- ਪੰਜਾਬੀ (ਲਾਜ਼ਮੀ) ਦੀ ਥਾਂ ਪੰਜਾਬ ਹਿਸਟਰੀ ਐਂਡ ਕਲਚਰ/ਮੁੱਢਲੀ ਪੰਜਾਬੀ ਪੜ੍ਹਣ ਲਈ ਸ਼ਰਤਾਂ-**

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਸਿੰਡੀਕੇਟ ਦੀ ਮੀਟਿੰਗ ਨੰਬਰ 1899-2200/ਐਮ ਮਿਤੀ 13-09-2019 ਅਨੁਸਾਰ ਪੰਜਾਬੀ (ਲਾਜ਼ਮੀ) ਦੀ ਥਾਂ ਪੰਜਾਬ ਹਿਸਟਰੀ ਐਂਡ ਕਲਚਰ/ਮੁੱਢਲੀ ਪੰਜਾਬੀ ਦਾ ਵਿਸ਼ਾ ਲੈਣ ਲਈ ਹੇਠ ਲਿਖੇ ਅਨੁਸਾਰ ਸ਼ਰਤਾਂ ਲਗਾਈਆਂ ਗਈਆਂ ਹਨ-

1. ਜਿਹੜੇ ਵਿਦਿਆਰਥੀ Domicile/Non Domicile of Punjab ਹਨ ਅਤੇ ਉਨ੍ਹਾਂ ਨੇ ਅੱਠਵੀ/ਦੱਸਵੀਂ ਜਮਾਤ ਤੱਕ ਪੰਜਾਬੀ ਵਿਸ਼ਾ ਪੜ੍ਹਿਆ ਹੈ, ਉਹ ਵਿਦਿਆਰਥੀ ਪੰਜਾਬੀ (ਲਾਜ਼ਮੀ) ਪੜ੍ਹਨਗੇ।
2. ਜਿਹੜੇ ਵਿਦਿਆਰਥੀ Non Domicile of Punjab ਹਨ ਅਤੇ ਅੱਠਵੀਂ/ਦੱਸਵੀਂ ਜਮਾਤ ਤੱਕ ਪੰਜਾਬੀ ਵਿਸ਼ਾ ਨਹੀਂ ਪੜ੍ਹਿਆ ਹੈ, ਉਹ ਮੁੱਢਲੀ ਪੰਜਾਬੀ ਜਾਂ ਪੰਜਾਬ ਹਿਸਟਰੀ ਐਂਡ ਕਲਚਰ ਵਿੱਚੋਂ ਕੋਈ ਇੱਕ ਵਿਸ਼ਾ ਚੁਣ ਸਕਦੇ ਹਨ।

3. ਜਿਹੜੇ ਵਿਦਿਆਰਥੀ Domicile of Punjab ਹਨ, ਪਰੰਤੂ ਕਿਸੇ ਕਾਰਣ ਪੰਜਾਬ ਤੋਂ ਬਾਹਰ ਪੜ੍ਹੇ ਹਨ ਅਤੇ ਉਹਨਾਂ ਨੇ ਅੱਠਵੀਂ/ਦੱਸਵੀਂ ਜਮਾਤ ਤੱਕ ਪੰਜਾਬੀ ਵਿਸ਼ਾ ਨਹੀਂ ਪੜ੍ਹਿਆ ਹੈ, ਉਹ ਮੁੱਢਲੀ ਪੰਜਾਬੀ ਦਾ ਵਿਸ਼ਾ ਹੀ ਪੜ੍ਹਣਗੇ।

4. ਜਿਹੜੇ ਵਿਦਿਆਰਥੀ Domicile of Punjab ਹਨ ਅਤੇ ਪੰਜਾਬ ਦੇ ਕੇਂਦਰੀ ਵਿਦਿਆਲਿਆ ਜਾਂ ਕਿਸੇ ਹੋਰ ਸਕੂਲ ਵਿੱਚ ਪੜ੍ਹੇ ਹਨ ਅਤੇ ਕਿਸੇ ਕਾਰਣ ਉਹਨਾਂ ਨੇ ਅੱਠਵੀਂ/ਦੱਸਵੀਂ ਜਮਾਤ ਤੱਕ ਪੰਜਾਬੀ ਵਿਸ਼ਾ ਨਹੀਂ ਪੜ੍ਹਿਆ ਹੈ, ਉਹ ਮੁੱਢਲੀ ਪੰਜਾਬੀ ਦਾ ਵਿਸ਼ਾ ਹੀ ਪੜ੍ਹਣਗੇ।

## ਬੀ.ਐਸ-ਸੀ. (ਨਾਨ-ਮੈਡੀਕਲ)

- ਸਮੈਸਟਰ ਪਹਿਲਾ ਤੋਂ ਛੇਵਾਂ (ਪੜ੍ਹਾਈ ਦੇ ਵਿਸ਼ੇ)
  1. ਅੰਗਰੇਜੀ ਲਾਜ਼ਮੀ
  2. ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ/ਪੰਜਾਬ ਹਿਸਟਰੀ ਐਂਡ ਕਲਚਰ
  3. ਰਸਾਇਣਕ ਵਿਗਿਆਨ
  4. ਭੌਤਿਕ ਵਿਗਿਆਨ
  5. ਗਣਿਤ

**ਨੋਟ-** 1. ਬੀ.ਐਸ-ਸੀ ਪਹਿਲੇ ਸਮੈਸਟਰ ਵਿੱਚ 'ਨਸ਼ਾ ਖੋਰੀ' ਦਾ ਵਿਸ਼ਾ ਲਾਜ਼ਮੀ ਹੋਵੇਗਾ।
2. ਬੀ.ਐਸ-ਸੀ ਤੀਜੇ ਸਮੈਸਟਰ ਵਿੱਚ 'ਇਨਵਾਇਰਮੈਂਟ ਸਟੱਡੀ' ਦਾ ਵਿਸ਼ਾ ਲਾਜ਼ਮੀ ਹੋਵੇਗਾ।

## ਵਿਸ਼ਾ ਬਦਲਣ ਸੰਬੰਧੀ-

ਦਾਖਲਾ ਖ਼ਤਮ ਹੋਣ ਦੀ ਮਿਤੀ ਤੋਂ ਇਕ ਮਹੀਨੇ ਦੇ ਅੰਦਰ-ਅੰਦਰ ਵਿਸ਼ਾ ਬਦਲਣ ਦੀ ਆਗਿਆ ਦਿੱਤੀ ਜਾਵੇਗੀ। ਪ੍ਰਿੰਸੀਪਲ ਸਾਹਿਬ ਤੋਂ ਤਬਦੀਲੀ ਦੀ ਆਗਿਆ ਲੈਣ ਉਪਰੰਤ ਵਿਦਿਆਰਥੀ ਦੀ ਜ਼ਿੰਮੇਵਾਰੀ ਹੋਵੇਗੀ ਕਿ ਆਪਣਾ ਨਾਮ ਛੱਡ ਰਹੇ ਵਿਸ਼ੇ ਦੇ ਰਜਿਸਟਰ ਵਿੱਚੋਂ ਕਟਵਾਏ ਅਤੇ ਨਵੇਂ ਵਿਸ਼ੇ ਦੇ ਰਜਿਸਟਰ ਵਿੱਚ ਦਰਜ ਕਰਵਾਏ। ਵਿਸ਼ਾ ਬਦਲਣ ਲਈ ਦੋਵਾਂ ਪ੍ਰੋਫ਼ੈਸਰ ਸਾਹਿਬਾਨ ਦੀ ਸਹਿਮਤੀ ਜ਼ਰੂਰੀ ਹੈ।

## B.COM (PASS & HONS.) (SEMESTER SYSTEM)

**Semester-I :**

| | | |
|---|---|---|
| 1. English (Compulsory) | | |
| 2. Punjabi (Compulsory) Or Basic Punjabi/Or Punjab History & Culture (Special Paper in lieu of Punjabi Compulsory) | | |
| 3. Financial Accounting | 4. Business Organisation | 5. Business Communication |
| 6. Business Statistics | 7. Computer Fundamentals | |

**Semester-III:**

| | | |
|---|---|---|
| 1. English (Compulsory) | | |
| 2. Punjabi (Compulsory) Or Basic Punjabi/(Punjab History & Culture (From 1000 to 1605 A.D.) (Special Paper in lieu of Punjabi Compulsory) | | |
| 3. Corporate Accounting | 4. Company Law | 5. Financial Management |
| 6. International Business | 7. Business Environment | |

**Semester-V:**

| | | |
|---|---|---|
| 1. English (Compulsory) | | |
| 2. Punjabi Compulsory/ Basic Punjabi/(Punjab History & Culture) (From 1849-1947 A.D.) | | |
| 3. Management Accouting | 4. Direct Tax Law | 5. Auditing |
| 6. Banking Services Management | 7. Insurance Services Management | |

## BBA Semester-1

| | |
|---|---|
| 1. English (Compulsory) | |
| 2. ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ (In lieu of Compulsory Punjabi)/Punjab History & Culture (From Earliest Times to C 320 (Special Paper in lieu of Punjabi Compulsory) | |
| 3. Basic Accounting | 4. Business Organization and Systems |
| 5. Managerial Economics-I | 6. Computer Applications for Business-I |
| 7. Business Communication | |

## BBA Semester-3

| | |
|---|---|
| 1. English (Compulsory) | |
| 2. ਪੰਜਾਬੀ ਲਾਜ਼ਮੀ/ਮੁੱਢਲੀ ਪੰਜਾਬੀ (In lieu of Compulsory Punjabi)/Punjab History & Culture (From 1000 to 1605 A.D) | |
| 3. Statistics for Business | 4. Fundamentals of Human Resource Management |
| 5. Fundamentals of Marketing Management | 6. Indian Financial System |
| 7. Management Accounting | |

## BBA Semester-5th

| | |
|---|---|
| 1. English (Compulsory) | |
| 2. Punjabi Compulsory/ਮੁੱਢਲੀ ਪੰਜਾਬੀ/Punjab History & Culture (From 1849-1947 A.D) | |
| 3. Company Law | 4. Entrepreneurship & Small Business |
| 5. Cost Accounting | |

### Any one Group from the following:

**Group A**
Consumer Behaviour
Advertising & Sales Management

**Group B**
Industrial relations & Labour Legislations
Organisation Change & Development

## BCA

### SEMESTER-I

**Paper-I** Introduction to Programming-C
**Paper-II** Introduction to Computers and Information Technology
**Paper-III** Applied & Discrete Mathematics
**Paper-IV** Practical-I (MS Office 2010 and Basic C Programming)
**Paper-V** Communication Skills in English-I (Compulsory Paper)
**Paper-VI** Punjabi

### SEMESTER-III

**Paper-I** Computer Architecture
**Paper-II** Database Management System
**Paper-III** Introduction to Python Programming
**Paper-IV** Programming Lab-Python
**Paper-V** Programming Lab-Oracle

### SEMESTER-V

**Paper-I** Software Engineering
**Paper-II** Web Technologies
**Paper-III** Operating System
**Paper-IV** JAVA Programming Language
**Paper-V** Lab based on JAVA Programming Language
**Paper-VI** Lab based on Website Designing using HTML JAVA Script and PHP

## PGDCA

### SEMESTER-I

**Paper-I** PC COMPUTING-I
**Paper-II** PC COMPUTING-II
**Paper-III** FUNDAMENTAL OF COMP. & O/S
**Paper-IV** DBMS ORACLE-10G

## ਕੋਰਸ ਪਾਤਰਤਾ ਦੀਆਂ ਸ਼ਰਤਾਂ :

**Bachelor of Commerce (B.Com.) :** A student who has passed 10+2 with atleast 40% marks in aggregate or equivalent examination is eligible for admission in B.Com. First semester.

**Bachelor of Science [BSc. (Non-Medical)] :** A student who has passed 10+2 with atleast 40% marks in aggregate in the concerned Science group or equivalent examination is eligible for admission in BSc. Non-Medical, First Semester.

**Bachelor of Business Administration (B.B.A.) :** A student who has passed 10+2 with atleast 40% marks in aggregate or equivalent examination is eligible for admission in B.B.A. First semester.

**Bachelor of Computer Application (B.C.A.) :** A student who has passed 10+2 with atleast 40% marks in aggregate or equivalent examination is eligible for admission in B. C.A. First semester.

**Master of Commerce (M. Com.) :** A student who has passed B.Com./B.B.A./B.Com (professional) with atleast 50% marks in aggregate (45%for SC/ST Candidate) is eligible for admission in M. Com. First semester.

**Post Graduate Diploma in Computer Applications :** P.G.D.C.A- Semester I, II

A student who has passed B.A./B.Com./B.Sc./B.B.A,/B.C.A. with 45% marks in aggregate is eligible to join PG Diploma in Computer Applications. Admission is given to the students on the basis of merit of marks obtained in B.A./B.Com./B.Sc./B.B.A,/B.C.A.

**Certificate Programme in IT Enabled Services :**

Eligiblity :- +2 (Any Stream)

Note :- Students who are appearing in +2 Exam can apply for course but he/she has to clear the exam before start of semester examination.

- Student can enroll in course with degree course.

# ਦਾਖਲੇ ਦੇ ਨਿਯਮ ਅਤੇ ਜ਼ਰੂਰੀ ਸੂਚਨਾਵਾਂ

ਦਾਖ਼ਲਾ ਨਿਰੋਲ ਮੈਰਿਟ ਦੇ ਆਧਾਰ ’ਤੇ ਕੀਤਾ ਜਾਵੇਗਾ। ਨਿਯਮ ਅਤੇ ਸ਼ਰਤਾਂ ਪੰਜਾਬ ਸਰਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਨੁਸਾਰ ਹੋਣਗੀਆਂ। ਇਸ ਲਈ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਵੈਬਸਾਈਟ www.gndu.ac.in ਵੇਖਦੇ ਰਹਿਣ।

1. **ਪਾਤਰਤਾ ਸੰਬੰਧੀ ਸ਼ਰਤਾਂ-**

   (ੳ) ਵਿਦਿਆਰਥੀ ਨੂੰ ਕੋਰਸ ਦੇ ਤੀਜੇ ਸਮੈਸਟਰ ਵਿੱਚ ਤਾਂ ਹੀ ਦਾਖ਼ਲਾ ਦਿੱਤਾ ਜਾਵੇਗਾ ਜੇਕਰ ਉਸਨੇ ਪਹਿਲੇ ਦੋ ਸਮੈਸਟਰ ਦੇ ਘੱਟ ਤੋਂ ਘੱਟ ਅੱਧੇ ਪੇਪਰ (50%) ਪਾਸ ਕੀਤੇ ਹੋਣ।

   (ਅ) ਇਸੇ ਤਰ੍ਹਾਂ ਵਿਦਿਆਰਥੀ ਨੂੰ ਕੋਰਸ ਦੇ ਪੰਜਵੇਂ ਸਮੈਸਟਰ ਵਿੱਚ ਤਾਂ ਹੀ ਦਾਖ਼ਲਾ ਦਿੱਤਾ ਜਾਵੇਗਾ ਜੇਕਰ ਉਸਨੇ ਪਹਿਲੇ ਚਾਰ ਸਮੈਸਟਰ ਵਿੱਚ ਘੱਟ ਤੋਂ ਘੱਟ ਅੱਧੇ ਪੇਪਰ (50%) ਪਾਸ ਕੀਤੇ ਹੋਣ।

   (ੲ) ਵਿਦਿਆਰਥੀ ਛੇਵੇਂ ਸਮੈਸਟਰ ਦੀ ਪ੍ਰੀਖਿਆ ਵਿੱਚ ਤਾਂ ਹੀ ਬੈਠ ਸਕੇਗਾ ਜੇਕਰ ਉਸ ਨੇ ਪਹਿਲੇ ਸਮੈਸਟਰ ਦੇ ਸਾਰੇ ਪੇਪਰ ਪਾਸ ਕਰ ਲਏ ਹੋਣ।

   (ਸ) ਪਹਿਲੇ ਸਮੈਸਟਰ ਤੋਂ ਦੂਜੇ ਸਮੈਸਟਰ ਲਈ ਅਤੇ ਤੀਜੇ ਸਮੈਸਟਰ ਤੋਂ ਚੌਥੇ ਸਮੈਸਟਰ ਵਿੱਚ ਜਾਣ ਦੀ ਕੋਈ ਸ਼ਰਤ ਨਹੀਂ ਹੋਵੇਗੀ।

2. ਡੇ-ਸਕਾਲਰ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਨੂੰ ਇੱਕ ਦਾਖ਼ਲਾ ਕਮੇਟੀ ਸਾਹਮਣੇ ਹਾਜ਼ਰ ਹੋਣਾ ਪਵੇਗਾ।
3. ਇੰਟਰਵਿਊ ਸਭ ਲਈ ਲਾਜ਼ਮੀ ਹੈ ਤੇ ਸਾਰੇ ਅਸਲੀ ਸਰਟੀਫਿਕੇਟ ਉਸ ਸਮੇਂ ਦੇਖੇ ਜਾਣਗੇ।
4. ਇਸ ਕਾਲਜ ਦੇ ਪੁਰਾਣੇ ਵਿਦਿਆਰਥੀ ਵੀ ਬਕਾਇਦਾ ਇੰਟਰਵਿਊ ਦੇਣਗੇ।

5. ਸਾਰੇ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਿਯਮਾਂ ਮੁਤਾਬਕ ਦਾਖ਼ਲ ਕੀਤੇ ਜਾਣਗੇ।

6. ਪੜ੍ਹਾਈ ਦੇ ਖੇਤਰ ਵਿੱਚ ਪਿਛਲੇ ਪਾਸ ਕੀਤੇ ਇਮਤਿਹਾਨ ਵਿੱਚ ਚੰਗੇ ਨੰਬਰ ਹੋਣੇ ਚਾਹੀਦੇ ਹਨ।

7. ਉਮੀਦਵਾਰ ਚੰਗੇ ਆਚਰਨ ਅਤੇ ਸੁਭਾਅ ਦੇ ਮਾਲਕ ਹੋਣੇ ਚਾਹੀਦੇ ਹਨ। ਇਸ ਸੰਬੰਧ ਵਿੱਚ ਪਿਛਲੀ ਸੰਸਥਾ ਦੇ ਮੁਖੀ ਤੋਂ ਇੱਕ ਆਚਰਨ ਸਰਟੀਫਿਕੇਟ ਲਿਆਉਣਾ ਜ਼ਰੂਰੀ ਹੋਵੇਗਾ। ਉਹ ਵਿਦਿਆਰਥੀ ਜਿਸ ਨੇ ਕਿਸੇ ਅੰਦੋਲਨ ਜਾਂ ਅਨੁਸ਼ਾਸਨਹੀਣਤਾ ਵਿੱਚ ਭਾਗ ਲਿਆ ਹੋਵੇਗਾ ਦਾਖ਼ਲ ਨਹੀਂ ਕੀਤਾ ਜਾਵੇਗਾ, ਭਾਵੇਂ ਉਹ ਪਹਿਲਾਂ ਕਾਲਜ ਦਾ ਵਿਦਿਆਰਥੀ ਰਹਿ ਚੁੱਕਾ ਹੋਵੇ ਅਤੇ ਜੇਕਰ ਕੋਈ ਵਿਦਿਆਰਥੀ ਵਿਦਿਅਕ ਸਾਲ ਦੇ ਦੌਰਾਨ ਇਸ ਤਰ੍ਹਾਂ ਕਰਦਾ ਹੈ ਤਾਂ ਉਸਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।

8. ਫੇਲ੍ਹ, ਕੰਪਾਰਟਮੈਂਟ ਅਤੇ ਗੈਪ ਕੇਸ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ ਪ੍ਰੰਤੂ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਚਾਰ ਕਰਕੇ ਦਾਖ਼ਲੇ ਦਾ ਅਧਿਕਾਰ ਕਮੇਟੀ ਕੋਲ ਹੋਵੇਗਾ।

9. ਦੂਸਰੇ ਕਾਲਜਾਂ ਤੋਂ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ ਪਾਸੋਂ ਇੰਟਰ ਕਾਲਜ ਮਾਈਗ੍ਰੇਸ਼ਨ ਸਰਟੀਫਿਕੇਟ ਲਏ ਬਗੈਰ ਦਾਖ਼ਲ ਨਹੀਂ ਕੀਤਾ ਜਾਵੇਗਾ।

10. ਕਿਸੇ ਵੀ ਵਿਦਿਆਰਥੀ ਦੁਆਰਾ ਦਾਖ਼ਲਾ ਫਾਰਮ ਭਰਨ ਤੋਂ ਬਾਅਦ ਕਲਾਸ ਬਦਲਣ (Stream change) ਤੇ 1000/- ਰੁਪਏ ਫੀਸ ਲਈ ਜਾਵਗੀ। (Rs. 1000/- per student upto one month, thereafter 2000/- per student).

11. ਇੰਟਰ ਕਾਲਜ ਮਾਈਗ੍ਰੇਸ਼ਨ ਅਧੀਨ ਰੀ-ਅਪੀਅਰ ਵਿਦਿਆਰਥੀਆਂ ਨੂੰ ਵੀ ਇੰਟਰ ਕਾਲਜ ਮਾਈਗ੍ਰੇਸ਼ਨ ਦੀ ਮੰਜ਼ੂਰੀ ਦਿੱਤੀ ਗਈ ਹੈ।

12. ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਕਲਾਸ ਅਜਿਹੇ ਬੋਰਡ ਜਿਹੜੇ ਮਾਨਤਾ ਪ੍ਰਾਪਤ ਨਹੀਂ ਹਨ, ਤੋਂ ਪਾਸ ਕੀਤੀ ਹੈ ਉਹਨਾਂ ਵਿਦਿਆਰਥੀਆਂ ਨੂੰ ਬੋਰਡ ਦੀ ਮਾਨਤਾ ਨਾ ਹੋਣ ਕਾਰਣ ਦਾਖਲਾ ਨਹੀਂ ਦਿੱਤਾ ਜਾਵੇਗਾ। ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੇ ਪ੍ਰਵਾਨਿਤ ਬੋਰਡਾਂ ਦੀ ਮਾਨਤਾ ਨੂੰ www.cobse.org.in ਤੇ ਚੈੱਕ ਕਰ ਲਿਆ ਜਾਵੇ

13. Maximum time allowed to pass a course is

| **Course duration** | **Maximum time to complete a degree** |
|---|---|
| Three Years | Five Years |
| One Year | Two Years |

14. ਨਵੇਂ ਦਾਖਲੇ ਲਈ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਰਾਖਵੀਆਂ ਸੀਟਾਂ ਇਸ ਪ੍ਰਕਾਰ ਹਨ :

| | **Category** | **% age** |
|---|---|---|
| (1) | General | : 52% |
| (2) | Schedule Caste | : 20% |
| (3) | Backward Class | : 8% |
| (4) | Ex-Serviceman/Ex-Serviceman (Dependent):<br>Ex-Serviceman/Ex-Serviceman (Dependent) General : 7%<br>Ex-Serviceman/Ex-Serviceman (Dependent) SC : 4%<br>Ex-Serviceman/Ex-Serviceman (Dependent) BC : 2% | : 13% |
| (5) | Freedom Fighters (General) | : 1% |
| (6) | Persons with Disability | : 3% |
| (7) | Sports<br>Sports (General) : 2%<br>Sports (SC) : 1% | : 3% |

## ਨਵੇਂ ਵਿਦਿਆਰਥੀਆਂ ਲਈ ਮਹੱਤਵਪੂਰਨ ਸੂਚਨਾ

ਅਕਾਦਮਿਕ ਸੈਸ਼ਨ 2023-24 ਤੋਂ ਕਾਲਜ ਵਿੱਚ ਵੱਖ-ਵੱਖ ਡਿਗਰੀ ਅਤੇ ਡਿਪਲੋਮਾ ਦੇ ਐਂਟਰੀ ਕੋਰਸਾਂ ਵਿੱਚ ਦਾਖਲਾ ਲੈਣ ਵਾਲੇ ਨਵੇਂ ਵਿਦਿਆਰਥੀਆਂ ਉੱਪਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਵੇਂ ਨਿਯਮ ਲਾਗੂ ਹੋਣਗੇ। ਰਾਸ਼ਟਰੀ ਸਿੱਖਿਆ ਨੀਤੀ 2020 ਦੀਆਂ ਜ਼ਰੂਰਤਾਂ ਅਨੁਸਾਰ ਯੂਨੀਵਰਸਿਟੀ ਵੱਲੋਂ ਅਕਾਦਮਿਕ ਸੈਸ਼ਨ 2023-24 ਤੋਂ Credit Based Evaluation and Grading System (CBEGS) ਲਾਗੂ ਕੀਤਾ ਗਿਆ ਹੈ।

**Note :**

1. All such students who were admitted under the non-credit based system before the implementation of credit based evaluation and grading system will be governed under the prevalent respective Ordinances of non-credit based system of examination till they pass such classes/courses.

## ਘਰੇਲੂ ਪ੍ਰੀਖਿਆਵਾਂ

ਕਾਲਜ ਵਿੱਚ ਹਰ ਸਮੈਸਟਰ ਘਰੇਲੂ ਪ੍ਰੀਖਿਆਵਾਂ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਦੀਆਂ ਮਿਤੀਆਂ ਬਾਰੇ ਫੈਸਲਾ ਕਾਲਜ ਸਟਾਫ਼ ਕਰਦਾ ਹੈ। ਜਿਹੜੇ ਵਿਦਿਆਰਥੀ ਉਪਰੋਕਤ ਪ੍ਰੀਖਿਆਵਾਂ ਵਿੱਚ ਗੈਰ ਹਾਜ਼ਰ ਹੋਣਗੇ/ਯੂਨੀਵਰਸਿਟੀ ਵੱਲੋਂ ਨਿਰਧਾਰਿਤ ਸ਼ਰਤਾਂ ਪੂਰੀਆਂ ਨਹੀਂ ਕਰਨਗੇ ਉਨ੍ਹਾਂ ਨੂੰ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਦੇ ਅਯੋਗ ਕਰਾਰ ਦਿੱਤਾ ਜਾਵੇਗਾ। ਬਿਮਾਰੀ ਜਾਂ ਅਚਨਚੇਤ ਕਾਰਨਾਂ ਕਰਕੇ ਘਰੇਲੂ ਪ੍ਰੀਖਿਆਵਾਂ ਵਿੱਚ ਨਾ ਬੈਠ ਸਕਣ ਲਈ ਪ੍ਰਿੰਸੀਪਲ ਜੀ ਦੀ ਪਹਿਲਾਂ ਹੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ।

## ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਬੈਠਣ ਲਈ ਸ਼ਰਤਾਂ

ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਲਈ ਅਕਾਦਮਿਕ ਵਰ੍ਹੇ ਦੌਰਾਨ 75% ਹਾਜ਼ਰੀਆਂ (ਹਰ ਇੱਕ ਵਿਸ਼ੇ ਵਿੱਚ) ਹੋਣੀਆਂ ਲਾਜ਼ਮੀ ਹਨ। ਭੂਗੋਲ, ਸਰੀਰਕ ਸਿੱਖਿਆ, ਕੰਪਿਊਟਰ ਸਾਇੰਸ, ਫੰਕਸ਼ਨਲ ਇੰਗਲਿਸ਼ ਅਤੇ ਮਿਊਜ਼ਿਕ (ਵੋਕਲ) ਦੇ ਵਿਸ਼ੇ ਵਿੱਚ ਪ੍ਰੈਕਟੀਕਲ ਦੇ ਪੀਰੀਅਡ ਵਿੱਚ ਹਾਜ਼ਰੀਆਂ 75% ਤੋਂ ਘੱਟ ਨਹੀਂ ਹੋਣੀਆਂ ਚਾਹੀਦੀਆਂ।

ਵਿਦਿਆਰਥੀਆਂ ਨੇ ਘਰੇਲੂ ਪ੍ਰੀਖਿਆਵਾਂ ਵਿੱਚੋਂ ਕੁਲ 35% ਅੰਕ ਲਏ ਹੋਣ। ਘੱਟੋ-ਘੱਟ ਹਰ ਵਿਸ਼ੇ ਵਿੱਚ 25% ਨੰਬਰ ਲਏ ਹੋਣ ਜਾਂ ਫਿਰ ਸਪੈਸ਼ਲ ਟੈਸਟ ਵਿੱਚੋਂ ਜੋ ਕਾਲਜ ਪ੍ਰਿੰਸੀਪਲ ਆਪਣੀ ਮਰਜ਼ੀ ਅਨੁਸਾਰ ਲੈ ਸਕਦੇ ਹਨ, ਤਿੰਨਾਂ ਵਿਸ਼ਿਆਂ ਦੇ ਨੰਬਰਾਂ ਵਿੱਚੋਂ 30% ਨੰਬਰ ਲਏ ਹੋਣ।

### ਬੀ.ਏ ਭਾਗ ਪਹਿਲਾ

ਉਪਰੋਕਤ ਸ਼ਰਤਾਂ ਤੋਂ ਇਲਾਵਾ ਕੇਵਲ ਉਹ ਹੀ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਇਮਤਿਹਾਨਾਂ ਵਿੱਚ ਬੈਠ ਸਕਣਗੇ-

1. ਜੋ ਇਮਤਿਹਾਨਾਂ ਤੋਂ ਪਹਿਲਾਂ ਪੂਰਾ ਸਮੈਸਟਰ/ਅਕਾਦਮਿਕ ਵਰ੍ਹਾ ਕਾਲਜ ਵਿੱਚ ਦਾਖ਼ਲ ਰਹੇ ਹੋਣ।

2. ਜਿਹਨਾਂ ਨੇ ਘੱਟੋ-ਘੱਟ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਦਾ +2 ਪ੍ਰਣਾਲੀ ਦੀ ਬਾਰ੍ਹਵੀਂ ਜਮਾਤ ਜਾਂ ਇਸਦੇ ਬਰਾਬਰ ਦੀ ਕੋਈ ਹੋਰ ਪ੍ਰੀਖਿਆ ਪਾਸ ਕੀਤੀ ਹੋਵੇ। (ਜਿਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੀ ਸਿੰਡੀਕੇਟ ਨੇ ਇਹਨਾਂ ਇਮਤਿਹਾਨਾਂ ਦੇ ਬਰਾਬਰ ਮੰਨਿਆ ਹੋਵੇ।)

## ਬੀ.ਏ ਭਾਗ ਦੂਜਾ

ਕੇਵਲ ਉਹੀ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਬੀ.ਏ. ਭਾਗ ਦੂਜਾ ਦੇ ਇਮਤਿਹਾਨਾਂ ਵਿੱਚ ਬੈਠ ਸਕਣਗੇ-

1. ਜੋ ਇਮਤਿਹਾਨਾਂ ਤੋਂ ਪਹਿਲਾਂ ਵਿਦਿਅਕ-ਵਰ੍ਹੇ ਦੌਰਾਨ ਇਸ ਕਾਲਜ ਵਿੱਚ ਦਾਖ਼ਲ ਰਹੇ ਹੋਣ।
2. ਜਿਹਨਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਸਿੰਡੀਕੇਟ ਨੇ ਇਸ ਇਮਤਿਹਾਨ ਜਾਂ ਕੋਈ ਇਮਤਿਹਾਨ ਜਿਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸਿੰਡੀਕੇਟ ਨੇ ਇਸ ਇਮਤਿਹਾਨ ਦੇ ਬਰਾਬਰ ਪ੍ਰਵਾਨ ਕੀਤਾ ਹੋਵੇ, ਪਾਸ ਹੋਵੇ (ਸ਼ਰਤ ਇਹ ਹੈ ਕਿ ਭਾਗ ਪਹਿਲਾ ਦੇ ਇਮਤਿਹਾਨ ਪਾਸ ਕਰਨ ਪਿੱਛੋਂ ਤਿੰਨ ਸਾਲਾਂ ਦੇ ਅੰਦਰ ਭਾਗ ਦੂਜਾ ਦਾ ਇਮਤਿਹਾਨ ਦੇਣਾ ਹੈ।)
3. ਕਾਲਜ ਵਿੱਚ ਹੋਏ ਇਮਤਿਹਾਨ ਵਿੱਚੋਂ ਪ੍ਰਾਪਤ ਅੰਕਾਂ ਸੰਬੰਧੀ ਸ਼ਰਤਾਂ ਅਤੇ ਹਾਜ਼ਰੀ ਸੰਬੰਧੀ ਸ਼ਰਤਾਂ ਉਹੀ ਹਨ ਜੋ ਉੱਪਰ ਬੀ.ਏ. ਭਾਗ ਪਹਿਲਾ ਲਈ ਲਿਖੀਆਂ ਗਈਆਂ ਹਨ।

## ਬੀ.ਏ ਭਾਗ ਤੀਜਾ

ਕੇਵਲ ਉਹੀ ਵਿਦਿਆਰਥੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਬੀ.ਏ. ਭਾਗ ਤੀਜਾ ਦੇ ਇਮਤਿਹਾਨ ਵਿੱਚ ਬੈਠ ਸਕਣਗੇ-

1. ਜੋ ਇਮਤਿਹਾਨਾਂ ਤੋਂ ਪਹਿਲਾਂ ਵਿਦਿਅਕ-ਵਰ੍ਹੇ ਦੌਰਾਨ ਇਸ ਕਾਲਜ ਵਿੱਚ ਦਾਖਲ ਰਹੇ ਹੋਣ।
2. ਜਿਹਨਾਂ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਬੀ.ਏ. ਭਾਗ ਦੂਜਾ ਜਾਂ ਕੋਈ ਇਮਤਿਹਾਨ ਜਿਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸਿੰਡੀਕੇਟ ਨੇ ਇਸ ਇਮਤਿਹਾਨ ਦੇ ਬਰਾਬਰ ਪ੍ਰਵਾਨ ਕੀਤਾ ਹੋਵੇ, ਪਾਸ ਹੋਵੇ (ਸ਼ਰਤ ਇਹ ਹੈ ਕਿ ਭਾਗ ਪਹਿਲਾ ਦੇ ਇਮਤਿਹਾਨ ਪਾਸ ਕਰਨ ਪਿੱਛੋਂ ਤਿੰਨ ਸਾਲਾਂ ਦੇ ਅੰਦਰ ਭਾਗ ਦੂਜੇ ਦਾ ਇਮਤਿਹਾਨ ਦੇਣਾ ਹੈ।)
3. ਕਾਲਜ ਵਿੱਚ ਹੋਏ ਇਮਤਿਹਾਨਾਂ ਵਿੱਚੋਂ ਪ੍ਰਾਪਤ ਅੰਕਾਂ ਸੰਬੰਧੀ ਸ਼ਰਤਾਂ ਅਤੇ ਹਾਜ਼ਰੀ ਸੰਬੰਧੀ ਸ਼ਰਤਾਂ ਉਹੀ ਹਨ ਜੋ ਉੱਪਰ ਬੀ.ਏ. ਭਾਗ ਪਹਿਲਾ ਲਈ ਲਿਖੀਆਂ ਗਈਆਂ ਹਨ।

# ਹਾਜ਼ਰੀਆਂ ਤੇ ਛੁੱਟੀ ਸੰਬੰਧੀ ਨਿਯਮ

1. ਛੁੱਟੀ ਲੈਣ ਲਈ ਅਰਜ਼ੀ ਤਿੰਨ ਪਰਤਾਂ ਵਿੱਚ ਦੇਣਾ ਜ਼ਰੂਰੀ ਹੈ। ਅਰਜ਼ੀ ਨਿਰਧਾਰਿਤ ਫ਼ਾਰਮ ਉੱਪਰ ਦੇਣੀ ਚਾਹੀਦੀ ਹੈ। ਹਰ ਹਾਲਤ ਵਿੱਚ ਛੁੱਟੀ ਮਨਜ਼ੂਰ ਕਰਾਉਣੀ ਜ਼ਰੂਰੀ ਹੈ।
2. ਪ੍ਰੀਖਿਆਵਾਂ ਦੇ ਦਿਨਾਂ ਵਿੱਚ ਛੁੱਟੀ ਸਿਰਫ਼ ਤਾਂ ਹੀ ਮਨਜ਼ੂਰ ਹੋ ਸਕੇਗੀ ਜੇ ਇਸ ਦੀ ਸਿਫਾਰਸ਼ ਟਿਊਟਰ ਅਤੇ ਕਾਲਜ ਪ੍ਰੀਖਿਆਵਾਂ ਦੇ ਰਜਿਸਟਰਾਰ ਕਰਨਗੇ।
3. ਇੱਕ ਜਾਂ ਦੋ ਪੀਰੀਅਡਾਂ ਲਈ ਛੁੱਟੀ ਸੰਬੰਧਿਤ ਲੈਕਚਰਾਰ ਸਾਹਿਬ ਤੋਂ ਲਈ ਜਾ ਸਕਦੀ ਹੈ।
4. ਸ਼ਹਿਰ ਤੋਂ ਬਾਹਰ ਜਾਣ ਦੀ ਛੁੱਟੀ ਵਾਲੇ ਦਿਨਾਂ ਵਿੱਚ ਉੱਪਰ ਲਿਖੇ ਅਨੁਸਾਰ ਛੁੱਟੀ ਲੈਣੀ ਲਾਜ਼ਮੀ ਹੈ।
5. ਕਾਲਜ ਤੋਂ ਛੁੱਟੀ ਲਏ ਬਗ਼ੈਰ ਗ਼ੈਰ-ਹਾਜ਼ਰੀ ਤੇ ਜ਼ੁਰਮਾਨਾ ਕੀਤਾ ਜਾਂਦਾ ਹੈ। ਇਸ ਦੀ ਦਰ 50 ਪੈਸੇ ਪ੍ਰਤੀ ਪੀਰੀਅਡ ਹੁੰਦੀ ਹੈ। ਵੱਧ ਤੋਂ ਵੱਧ ਜੁਰਮਾਨਾ 1/- ਰੁਪਇਆ ਪ੍ਰਤੀ ਦਿਨ ਹੁੰਦਾ ਹੈ।
6. ਕਾਲਜ ਵਿੱਚੋਂ ਲਗਾਤਾਰ ਦਸ ਦਿਨ ਗ਼ੈਰ-ਹਾਜ਼ਰ ਰਹਿਣ 'ਤੇ ਨਾਂ ਕੱਟ ਦਿੱਤਾ ਜਾਵੇਗਾ। ਸਰਕਾਰੀ ਨਿਯਮਾਂ ਅਨੁਸਾਰ ਦਾਖ਼ਲਾ ਫ਼ੀਸ ਤੇ ਪ੍ਰਿੰਸੀਪਲ ਸਾਹਿਬ ਦੀ ਆਗਿਆ ਨਾਲ 500 ਰੁ. ਪੀ.ਟੀ.ਏ. ਵਿੱਚ ਜਮ੍ਹਾ ਕਰਵਾ ਕੇ ਵਿਦਿਆਰਥੀ ਦੋਬਾਰਾ ਦਾਖ਼ਲਾ ਲੈ ਸਕਦਾ ਹੈ।

7. ਵਿਦਿਆਰਥੀਆਂ ਨੂੰ ਸੰਬੰਧਤ ਟਿਊਟੋਰੀਅਲ ਗਰੁੱਪ ਦਾ ਪੀਰੀਅਡ ਲਗਾਉਣਾ ਲਾਜ਼ਮੀ ਹੈ। ਗੈਰ-ਹਾਜ਼ਰੀ ਦੀ ਸੂਰਤ ਵਿੱਚ ਵਿਸ਼ੇਸ਼ ਜੁਰਮਾਨਾ ਕੀਤਾ ਜਾ ਸਕਦਾ ਹੈ।

8. ਛੁੱਟੀ ਮਨਜ਼ੂਰ ਕਰਨ ਦਾ ਅਧਿਕਾਰ ਰਾਖਵਾਂ ਹੈ।

ਅਕਾਦਮਿਕ ਸੈਸ਼ਨ 2023-24 ਦੌਰਾਨ ਵੱਖ-ਵੱਖ ਕੋਰਸਾਂ/ਕਲਾਸਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਸਮੇਂ ਯੂਨੀਵਰਸਿਟੀ ਕੈਲੰਡਰ ਵਿੱਚ ਦਿੱਤੇ ਨਿਯਮਾਂ ਤੋਂ ਇਲਾਵਾ ਹੇਠ ਲਿਖੀਆਂ ਹਿਦਾਇਤਾਂ ਦੀ ਵੀ ਵਿਸ਼ੇਸ਼ ਤੌਰ ਤੇ ਪਾਲਨਾ ਕੀਤੀ ਜਾਵੇਗੀ।

1. ਜਿਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਦੂਜੀਆਂ ਯੂਨੀਵਰਸਿਟੀਆਂ/ਬੋਰਡਾਂ (ਪੰਜਾਬ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਛੱਡ ਕੇ) ਤੋਂ ਪਾਸ ਕੀਤੀ ਹੋਵੇ ਉਹਨਾਂ ਨੂੰ ਇਸ ਯੂਨੀਵਰਸਿਟੀ ਤੋਂ, ਕਾਲਜ ਵਿੱਚ ਦਾਖ਼ਲਾ ਲੈਣ ਦੇ ਨਾਲ ਹੀ, ਇੱਕ ਮਹੀਨੇ ਦੇ ਅੰਦਰ-ਅੰਦਰ ਪਾਤਰਤਾ ਸਰਟੀਫਿਕੇਟ ਲੈਣਾ ਪਵੇਗਾ।

2. ਪਾਤਰਤਾ ਸਰਟੀਫਿਕੇਟ ਲਈ ਨਿਰਧਾਰਿਤ ਫ਼ਾਰਮ ਤੇ ਬਿਨੈ-ਪੱਤਰ 100/- ਰੁਪਏ ਫ਼ੀਸ ਨਾਲ ਅੱਗੇ ਲਿਖੇ ਦਸਤਾਵੇਜ਼ ਪੇਸ਼ ਕੀਤੇ ਜਾਣ-

   (ੳ) ਹੇਠਲੀ ਪ੍ਰੀਖਿਆ ਦਾ ਅਸਲ ਸਰਟੀਫਿਕੇਟ ਅਤੇ ਨੰਬਰ ਕਾਰਡ।

   (ਅ) ਸੰਬੰਧਤ ਯੂਨੀਵਰਸਿਟੀ/ਬੋਰਡ ਵੱਲੋਂ ਜਾਰੀ ਅਸਲ ਮਾਈਗ੍ਰੇਸ਼ਨ ਸਰਟੀਫਿਕੇਟ (ਮਾਈਗ੍ਰੇਸ਼ਨ ਸਰਟੀਫਿਕੇਟ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਵੀ ਪਾਤਰਤਾ ਸਰਟੀਫਿਕੇਟ ਲਈ ਪਾਤਰਤਾ ਫ਼ਾਰਮ ਭੇਜਿਆ ਜਾ ਸਕਦਾ ਹੈ।)

   (ੲ) ਯੋਗ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਕੈਟਾਗਰੀ ਸਰਟੀਫਿਕੇਟ (ਜਿਵੇਂ ਐਸ.ਸੀ./ਬੀ.ਸੀ.) ਅਤੇ ਪੰਜਾਬ ਡੋਮੀਸਾਇਲ ਸਰਟੀਫਿਕੇਟ।

3. ਜਿਹਨਾਂ ਵਿਦਿਾਰਥੀਆਂ ਨੇ ਹੇਠਲੀ ਪ੍ਰੀਖਿਆ ਪੰਜਾਬ/ਪੰਜਾਬੀ ਯੂਨੀਵਰਸਿਟੀ ਜਾਂ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਵੇ ਉਹਨਾਂ ਨੂੰ ਪਾਤਰਤਾ ਸਰਟੀਫਿਕੇਟ ਤੋਂ ਛੋਟ ਹੋਵੇਗੀ। ਪ੍ਰੰਤੂ ਉੱਪਰ ਦਰਸਾਏ ਸਾਰੇ ਦਸਤਾਵੇਜ਼ (ਅਸਲ) ਦਿੱਤੀ ਗਈ ਮਿਤੀ ਤੱਕ ਪੇਸ਼ ਕਰਨੇ ਪੈਣਗੇ।

4. ਬਿਹਾਰ ਇੰਟਰੀਮੀਡੀਏਟ ਐਜੂਕੇਸ਼ਨ ਕੌਂਸਲ ਪਟਨਾ ਤੋਂ ਇੰਟਰਮੀਡੀਏਟ ਪਾਸ ਵਿਦਿਆਰਥੀਆਂ ਦਾ ਪਾਤਰਤਾ ਸਰਟੀਫਿਕੇਟ ਲੈਣ ਲਈ ਉੱਪਰ ਦਰਸਾਏ ਦਸਤਾਵੇਜ਼ਾਂ ਤੋਂ ਇਲਾਵਾ ਕੌਂਸਲ ਵੱਲੋਂ ਜਾਰੀ ਐਡਮਿਟ ਕਾਰਡ ਅਤੇ ਕਾਲਜ/ਸਕੂਲ ਵੱਲੋਂ ਜਾਰੀ ਟਰਾਂਸਫਰ ਸਰਟੀਫਿਕੇਟ ਵੀ ਭੇਜਿਆ ਜਾਵੇ।

5. ਵਿਦੇਸ਼ੀ ਵਿਦਿਆਰਥੀਆਂ ਨੂੰ ਦਾਖ਼ਲਾ ਤਾਂ ਹੀ ਦਿੱਤਾ ਜਾਵੇਗਾ ਜੇਕਰ ਉਹਨਾਂ ਕੋਲ ਸਟੂਡੈਂਟ ਵੀਜ਼ਾ ਹੋਵੇ। ਇਸ ਤੋਂ ਇਲਾਵਾ ਕੋਈ ਹੋਰ ਵੀਜ਼ਾ ਰੱਖਣ ਵਾਲੇ ਵਿਦਿਆਰਥੀਆਂ ਨੂੰ ਦਾਖ਼ਲਾ ਨਹੀਂ ਦਿੱਤਾ ਜਾਵੇਗਾ। ਉਸ ਵਲੋਂ ਪਾਸ ਕੀਤੀ ਪ੍ਰੀਖਿਆ ਦੀ ਰੈਕੋਗਨੀਸ਼ਨ ਸੰਬੰਧੀ ਪੱਤਰ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ ਕੋਟਲਾ ਮਾਰਗ, ਨਵੀ ਦਿੱਲੀ ਤੋਂ ਲਿਆ ਕੇ ਦੇਣਾ ਪਵੇਗਾ। ਇਹ ਅਸਲ ਪੱਤਰ ਪਾਤਰਤਾ ਲੈਣ ਸਮੇਂ ਇਸ ਯੂਨੀਵਰਸਿਟੀ ਨੂੰ ਜ਼ਰੂਰ ਭੇਜਿਆ ਜਾਵੇਗਾ।

6. ਜਿਨ੍ਹਾਂ ਵਿਦਿਆਰਥੀਆਂ ਨੇ ਨੈਸ਼ਨਲ ਓਪਨ ਸਕੂਲ, ਨਵੀਂ ਦਿੱਲੀ ਤੋਂ ਸੀਨੀਅਰ ਸਕੂਲ ਸਰਟੀਫਿਕੇਟ/+2 ਦੀ ਪ੍ਰੀਖਿਆ ਚਾਰ ਵਿਸ਼ਿਆਂ (ਸਮੇਤ ਅੰਗਰੇਜ਼ੀ) ਨਾਲ ਮੈਟ੍ਰਿਕ ਪਾਸ ਕਰਨ ਤੋਂ ਘੱਟੋ-ਘੱਟ ਦੋ ਸਾਲ ਬਾਅਦ ਪਾਸ ਕੀਤੀ ਹੋਵੇ, ਨੂੰ ਕੇਵਲ ਬੀ.ਏ. ਵਿੱਚ ਆਰਜ਼ੀ ਦਾਖ਼ਲਾ ਦਿੱਤਾ ਜਾ ਸਕਦਾ ਹੈ। ਅਜਿਹੇ ਵਿਦਿਆਰਥੀਆਂ ਨੂੰ ਪੰਜਵਾਂ ਘਟਦਾ ਵਿਸ਼ਾ ਉਸੇ ਗਰੁੱਪ ਅਧੀਨ ਓਪਨ ਸਕੂਲ ਨਵੀਂ ਦਿੱਲੀ ਤੋਂ ਆਉਂਦੇ ਸਪਲੀਮੈਂਟਰੀ ਜਾਂ ਸਲਾਨਾ ਪ੍ਰੀਖਿਆ ਨਾਲ ਪਾਸ ਕਰਨਾ ਪਵੇਗਾ ਨਹੀਂ ਤਾਂ ਆਰਜ਼ੀ ਦਾਖ਼ਲਾ ਕੈਂਸਲ ਕਰ ਦਿੱਤਾ ਜਾਵੇਗਾ।

# ਕਾਲਜ ਹਦਾਇਤਾਂ ਅਤੇ ਨਿਯਮ

1. ਦਾਖਲ ਫਾਰਮ ਭਰਨ ਤੋਂ ਪਹਿਲਾਂ ਵਿਦਿਆਰਥੀ ਅਤੇ ਮਾਪਿਆਂ ਲਈ ਪ੍ਰਾਸਪੈਕਟਸ ਚੰਗੀ ਤਰ੍ਹਾਂ ਪੜ੍ਹ ਲੈਣਾ ਜ਼ਰੂਰੀ ਹੈ।
2. ਮਾਪਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚੇ ਕੋਲੋਂ ਯੋਗਤਾ ਦੀਆਂ ਸ਼ਰਤਾਂ, ਲੈਕਚਰਾਂ ਦੀ ਘਾਟ, ਘਰੇਲੂ ਪ੍ਰੀਖਿਆਵਾਂ ਦੇ ਨਤੀਜੇ ਅਤੇ ਹੋਰ ਲੋੜੀਂਦੀਆਂ ਜਾਣਕਾਰੀਆਂ ਲਗਾਤਾਰ ਪ੍ਰਾਪਤ ਕਰਦੇ ਰਹਿਣ।
3. ਕਾਲਜ ਦੇ ਸਾਰੇ ਵਿਦਿਆਰਥੀ ਅਨੁਸ਼ਾਸਨ ਦੇ ਪਾਬੰਦ ਹੋਣਗੇ। ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।
4. ਕਾਲਜ ਦੇ ਕਲਾਸ ਰੂਮ/ਲਾਇਬਰੇਰੀ/ਕੈਂਪਸ ਵਿੱਚ ਮੋਬਾਇਲ ਦੀ ਗਲਤ ਵਰਤੋਂ ਕਰਦੇ ਪਕੜੇ ਜਾਣ ਤੇ 500 ਰੁ. ਜੁਰਮਾਨਾ ਕੀਤਾ ਜਾਵੇਗਾ ਤੇ ਮੋਬਾਇਲ ਜ਼ਬਤ ਕਰ ਲਿਆ ਜਾਵੇਗਾ।
5. ਜੇਕਰ ਕੋਈ ਵਿਦਿਆਰਥੀ ਕਾਲਜ ਦੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਦਾ ਹੈ ਤਾਂ ਉਸ ਨੁਕਸਾਨ ਦੀ ਪੂਰਤੀ ਸੰਬੰਧਿਤ ਵਿਦਿਆਰਥੀ ਨੂੰ ਹੀ ਕਰਨੀ ਪਵੇਗੀ।
6. ਵਿਦਿਆਰਥੀ ਨੂੰ ਆਪਣੀ ਫੀਸ ਦੀ ਰਸੀਦ ਸੰਭਾਲ ਕੇ ਰੱਖਣੀ ਹੋਵੇਗੀ। ਰਸੀਦ ਗੁੰਮ ਹੋਣ ਤੇ ਉਸਦਾ ਸ਼ਨਾਖਤੀ ਕਾਰਡ ਨਹੀਂ ਬਣਾਇਆ ਜਾਵੇਗਾ।
7. ਕਾਲਜ ਵਿੱਚ ਨੋਟਿਸ ਬੋਰਡ ਤੇ ਲੱਗੇ ਹੋਏ ਨੋਟਿਸ ਪੜ੍ਹਣੇ ਵਿਦਿਆਰਥੀਆਂ ਦੀ ਨਿੱਜੀ ਜ਼ਿੰਮੇਵਾਰੀ ਹੈ।
8. ਕਾਲਜ ਵਿੱਚ ਵਿਦਿਆਰਥੀਆਂ ਵੱਲੋਂ ਲਿਆਂਦੇ ਜਾਂਦੇ ਸਕੂਟਰ/ਮੋਟਰ ਸਾਈਕਲ/ਕਾਰ ਕੇਵਲ ਵਿਦਿਆਰਥੀਆਂ ਲਈ ਬਣੇ ਸਾਈਕਲ ਸਟੈਂਡ ਉੱਪਰ ਹੀ ਖੜ੍ਹੇ ਕੀਤੇ ਜਾਣਗੇ। ਇਸ ਲਈ ਹਰੇਕ ਵਿਦਿਆਰਥੀ ਨਿਸ਼ਚਤ ਫ਼ੀਸ ਕਾਲਜ ਦਫ਼ਤਰ ਵਿੱਚ ਜਮਾਂ ਕਰਵਾ ਕੇ ਰਸੀਦ ਪ੍ਰਾਪਤ ਕਰੇਗਾ। ਕਿਸੇ ਹੋਰ ਜਗ੍ਹਾ ਵਾਹਨ ਖੜ੍ਹੇ ਕੀਤੇ ਜਾਣ ਦੀ ਸੂਰਤ ਵਿੱਚ ਅਜਿਹੇ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।
9. ਇਹ ਪ੍ਰਾਸਪੈਕਟਸ ਕੋਈ ਕਾਨੂੰਨੀ ਦਸਤਾਵੇਜ ਨਹੀਂ ਹੈ। ਪ੍ਰਿੰਸੀਪਲ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ, ਸਰਕਾਰੀ ਕੋ-ਐਜੂਕੇਸ਼ਨ, ਕਾਲਜ, ਬੂਟਾ ਮੰਡੀ, ਜਲੰਧਰ ਨੂੰ ਬਿਨਾਂ ਕਿਸੇ ਸੂਚਨਾਂ ਦੇ ਨਿਯਮਾਂ ਵਿੱਚ ਤਬਦੀਲੀ ਕਰਨ ਦਾ ਪੂਰਾ ਅਧਿਕਾਰ ਹੈ।

# ਅਕੈਡਮਿਕ ਬੈਂਕ ਆਫ ਕਰੈਡਿਟਸ (ABC ID)

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹਰੇਕ ਵਿਦਿਆਰਥੀ ਲਈ ਡਿਜੀਲੋਕਰ ਤੇ ਆਪਣੀ ABC ID ਬਣਾਉਣ ਲਈ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੈ। ABC ID ਬਣਾਉਣ ਲਈ ਵਿਦਿਆਰਥੀ ਹੇਠ ਲਿਖੀ ਪ੍ਰਕਿਰਿਆ ਦੀ ਪਾਲਣਾ ਕਰਕੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ-

1. Visit www.abc.gov.in
2. Click on my account->student
3. For new users-click on" Sign up for Meri Pehchaan"
4. Enter your Mobile No, and you will get OTP on your Registered Mobile No.
5. Fill in all necessary details and click on verify
6. Students will get an ABC ID

# ਰੈਗਿੰਗ ਸੰਬੰਧੀ

ਕਾਲਜ ਵਿੱਚ ਰੈਗਿੰਗ ਉੱਤੇ ਸਖ਼ਤ ਪਾਬੰਦੀ ਹੈ। ਇਸ ਸੰਬੰਧ ਵਿੱਚ ਦੋਸ਼ੀ ਪਾਏ ਜਾਣ ਵਾਲ਼ੇ ਵਿਦਿਆਰਥੀਆਂ ਦੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕਾਲਜ ਦੇ ਸਮੂਹ ਵਿਦਿਆਰਥੀਆਂ ਲਈ ਯੂ.ਜੀ.ਸੀ. ਦੀਆਂ ਗਾਈਡਲਾਇਨਜ਼ ਅਨੁਸਾਰ ਐਂਟੀ ਰੈਗਿੰਗ ਵੈਬਸਾਈਟ www.ugc.ac.in ਅਤੇ www.antiragging.in ਤੇ ਆਨਲਾਇਨ ਅੰਡਰਟੇਕਿੰਗ ਭਰਨਾ ਜ਼ਰੂਰੀ ਹੈ।

# ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜ਼ੀਫੇ

ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਵਜੀਫ਼ਾ ਦੇਣ ਦੀ ਸਹੂਲਤ ਹਾਸਲ ਹੈ ਅਤੇ ਵਜ਼ੀਫੇ ਵਿਦਿਆਰਥੀਆਂ ਨੂੰ ਐਨ ਵਕਤ ਸਿਰ ਦੇ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ ਮੈਰਿਟ ਸਕਾਲਰਸ਼ਿਪ ਦੀ ਵਿਵਸਥਾ ਵੀ ਹੈ।

# ਸਭਿਆਚਾਰਕ ਸਰਗਰਮੀਆਂ

ਵਿਦਿਅਕ ਅਤੇ ਸਰੀਰਕ ਸਿੱਖਿਆ ਦੇ ਖੇਤਰਾਂ ਤੋਂ ਇਲਾਵਾ ਕਾਲਜ ਵਿੱਚ ਵਿਦਿਆਰਥੀਆਂ ਨੂੰ ਸਭਿਆਚਾਰਕ ਸਰਗਰਮੀਆਂ ਵਿੱਚ ਭਾਗ ਲੈਣ ਦੇ ਮੌਕੇ ਵੀ ਉਪਲੱਬਧ ਹਨ। ਕਾਲਜ ਵਿੱਚ ਹੇਠ ਲਿਖੇ ਸਮਾਗਮ ਕਰਵਾਏ ਜਾਂਦੇ ਹਨ।

| | | |
|---|---|---|
| 1. ਪ੍ਰਤਿਭਾ ਖੋਜ ਮੁਕਾਬਲਾ | 4. ਵਿਦਿਅਕ ਟੂਰ | 7. ਕਾਵਿ-ਉਚਾਰਨ ਮੁਕਾਬਲਾ |
| 2. ਕੁਇਜ਼ ਮੁਕਾਬਲੇ | 5. ਗੈਸਟ ਲੈਕਚਰ | 8. ਸੈਮੀਨਾਰ |
| 3. ਸੰਗੀਤ ਮੁਕਾਬਲੇ | 6. ਲੇਖ ਅਤੇ ਸਲੋਗਨ ਮੁਕਾਬਲੇ | 9. ਵਣ-ਮਹਾਂਉਤਸਵ |

ਵਿਦਿਆਰਥੀਆਂ ਦੀ ਪ੍ਰਤਿਭਾ ਦੇ ਬਹੁਪੱਖੀ ਵਿਕਾਸ ਲਈ ਕਾਲਜ ਵਿੱਚ ਹਰ ਵਿਸ਼ੇ ਨਾਲ ਸੰਬੰਧਿਤ ਸਾਹਿਤ ਸਭਾਵਾਂ/ਐਸੋਸੀਏਸ਼ਨ ਅਤੇ ਸੋਸਾਇਟੀਆਂ ਬਣਾਈਆਂ ਜਾਂਦੀਆਂ ਹਨ ਜੋ ਸਮੇਂ-ਸਮੇਂ ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਸਰਗਰਮੀਆਂ ਕਰਦੀਆਂ ਰਹਿੰਦੀਆਂ ਹਨ।

# ਲਾਇਬਰੇਰੀ

ਕਾਲਜ ਦੀ ਲਾਇਬਰੇਰੀ ਵਿੱਚ ਵੱਖ-ਵੱਖ ਵਿਸ਼ਿਆਂ ਅਤੇ ਆਮ ਜਾਣਕਾਰੀ ਨਾਲ ਸੰਬੰਧਿਤ ਅਨੇਕਾਂ ਪੁਸਤਕਾਂ ਹਨ ਅਤੇ ਇੱਕ 'ਬੁੱਕ ਬੈਂਕ' ਵੀ ਹੈ। ਬੁੱਕ ਬੈਂਕ ਵਿੱਚੋਂ ਪੁਸਤਕਾਂ ਇੱਕ ਸਮੈਸਟਰ ਲਈ ਉਪਲਬਧ ਹਨ। ਆਮ ਰੁਟੀਨ ਵਿੱਚ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਪੁਸਤਕਾਂ ਮਿਲ ਸਕਦੀਆਂ ਹਨ।

ਬੀ.ਏ., ਬੀ.ਸੀ.ਏ., ਬੀ.ਕਾਮ., ਬੀ.ਬੀ.ਏ., ਬੀ.ਐਸ.ਸੀ. (ਨਾਨ, ਮੈਡੀਕਲ) (ਸਮੈਸਟਰ ਪਹਿਲਾਂ ਤੋਂ ਚੌਥਾ ਸਮੈਸਟਰ) - 2 ਪੁਸਤਕਾਂ

ਬੀ.ਏ., ਬੀ.ਸੀ.ਏ. ਬੀ.ਕਾਮ., ਬੀ.ਬੀ.ਏ., ਬੀ.ਐਸ.ਸੀ. (ਨਾਨ, ਮੈਡੀਕਲ) (ਸਮੈਸਟਰ ਪੰਜਵਾਂ ਤੇ ਛੇਵਾਂ), ਪੀ.ਜੀ.ਡੀ.ਸੀ.ਏ. - 3 ਪੁਸਤਕਾਂ

ਵਿਦਿਆਰਥੀ ਪੰਦਰਾਂ ਦਿਨ ਤੱਕ ਪੁਸਤਕਾਂ ਰੱਖ ਸਕਦੇ ਹਨ। ਇਸ ਤੋਂ ਮਗਰੋਂ ਇੱਕ ਰੁਪਿਆ ਪ੍ਰਤੀ ਦਿਨ ਪ੍ਰਤੀ ਪੁਸਤਕ ਜੁਰਮਾਨਾ ਲਿਆ ਜਾਵੇਗਾ।

ਵਿਦਿਆਰਥੀਆਂ ਨੂੰ ਮੁਕਾਬਲੇ ਦੇ ਇਮਤਿਹਾਨਾਂ ਜਿਵੇਂ ਐਸ.ਐਸ.ਸੀ., ਬੈਕਿੰਗ, ਰੇਲਵੇ, ਪੀ.ਸੀ.ਐਸ. ਆਦਿ ਦੀ ਤਿਆਰੀ ਲਈ ਵੀ ਕਿਤਾਬਾਂ ਜਾਰੀ ਕੀਤੀਆਂ ਜਾਂਦੀਆਂ ਹਨ।

# ਸ਼ਨਾਖਤੀ ਕਾਰਡ

1. ਵਿਦਿਆਰਥੀ ਕਾਲਜ ਵਿੱਚ ਦਾਖਲ ਹੋ ਕੇ ਉਸ ਦਿਨ ਤੋਂ ਹੀ ਆਪਣਾ ਸ਼ਨਾਖਤੀ ਕਾਰਡ ਲਾਇਬ੍ਰੇਰੀ ਤੋਂ (ਪ੍ਰਾਪਤ) ਜਾਰੀ ਕਰਵਾ ਸਕਦੇ ਹਨ।
2. ਸ਼ਨਾਖਤੀ ਕਾਰਡ ਲੈਣ ਲਈ ਇੱਕ ਪਾਸਪੋਰਟ ਸਾਈਜ਼ ਫੋਟੋ ਅਤੇ ਆਪਣਾ ਬਲੱਡ ਗਰੁੱਪ ਜਾਂਚ ਕਰਵਾ ਕੇ, ਪਰੂਫ ਨਾਲ ਲੈ ਕੇ ਆਉਣ।
3. ਸ਼ਨਾਖਤੀ ਅਤੇ ਲਾਇਬ੍ਰੇਰੀ ਕਾਰਡ ਹਰ ਵਿਦਿਆਰਥੀ ਕੋਲ ਕਾਲਜ ਸਮੇਂ ਦੌਰਾਨ ਕੋਲ ਹੋਣਾ ਚਾਹੀਦਾ ਹੈ। ਕਾਲਜ ਸਟਾਫ ਦਾ ਕੋਈ ਵੀ ਮੈਂਬਰ ਵਿਦਿਆਰਥੀਆਂ ਕੋਲ ਕਿਸੇ ਸਮੇਂ ਵੀ ਸ਼ਨਾਖਤੀ ਕਾਰਡ ਦੇਖ ਸਕਦੇ ਹਨ।
4. ਸ਼ਨਾਖਤੀ ਕਾਰਡ ਨਾ ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ।
5. ਸ਼ਨਾਖਤੀ ਅਤੇ ਲਾਇਬਰੇਰੀ ਕਾਰਡ ਗੁੰਮ ਹੋਣ ਤੇ ਐਫ.ਆਈ.ਆਰ. ਦਰਜ ਕਰਵਾਉਣ ਦੇ ਨਾਲ ਲੋੜੀਂਦੀ ਫੀਸ ਭਰਨੀ ਪਵੇਗੀ। ਉਸ ਤੋਂ ਇਲਾਵਾ ਕਾਲਜ ਪ੍ਰਿੰਸੀਪਲ ਸਾਹਿਬ ਵੱਲੋਂ ਨਿਸ਼ਚਿਤ ਕੀਤਾ 100 ਰੁ. ਜੁਰਮਾਨਾ ਪੀ.ਟੀ.ਏ. ਫੰਡ ਵਿੱਚ ਭਰਨਾ ਪਵੇਗਾ।
6. ਜੇਕਰ ਕੋਈ ਵਿਦਿਆਰਥੀ ਦਾਖਲ ਹੋਣ ਤੋਂ 15 ਦਿਨਾਂ ਵਿੱਚ ਸ਼ਨਾਖਤੀ ਕਾਰਡ ਲਾਇਬਰੇਰੀ ਤੋਂ ਜਾਰੀ ਨਹੀਂ ਕਰਵਾਉਂਦਾ ਤਾਂ ਕਾਲਜ ਪ੍ਰਿੰਸੀਪਲ ਵੱਲੋਂ ਨਿਸ਼ਚਿਤ ਕੀਤਾ ਜੁਰਮਾਨਾ ਪੀ.ਟੀ.ਏ. ਫੰਡ ਵਿੱਚ ਜਮ੍ਹਾ ਕਰਵਾਉਣਾ ਪਵੇਗਾ।

# ਕੈਰੀਅਰ ਗਾਈਡੈਂਸ ਐਂਡ ਕੌਂਸਲਿੰਗ ਸੈੱਲ

ਕੈਰੀਅਰ ਗਾਈਡੈਂਸ ਐਂਡ ਕੌਂਸਲਿੰਗ ਸੈੱਲ ਕਾਲਜ ਦੇ ਪ੍ਰਬੰਧਕੀ ਬਲਾਕ ਵਿੱਚ ਸਥਿਤ ਹੈ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਰੋਜ਼ਗਾਰ ਵਸੀਲਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਆਪਣੇ ਕੈਰੀਅਰ ਦੀ ਵਿਉਂਤਬੰਦੀ ਪ੍ਰਕਿਰਿਆ ਵਿੱਚ ਸਹਾਇਤਾ ਕਰਨਾ ਹੈ।

# ਟਿਊਟੋਰੀਅਲ / ਬੱਡੀ / ਮੈਂਟਰ ਗਰੁੱਪ

ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਵੱਖ-ਵੱਖ ਟਿਊਟੋਰੀਅਲ / ਬੱਡੀ / ਮੈਂਟਰ ਗਰੁੱਪਾਂ ਵਿੱਚ ਵੰਡਿਆ ਜਾਂਦਾ ਹੈ। ਟਿਊਟੋਰੀਅਲ ਗਰੁੱਪ ਦੀ ਮੀਟਿੰਗ ਹਰ ਬੁੱਧਵਾਰ ਹੋਵੇਗੀ। ਇਸ ਵਿੱਚ ਹਾਜ਼ਰੀ ਲਾਜ਼ਮੀ ਹੈ। ਕੇਵਲ ਉਹ ਵਿਦਿਆਰਥੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠ ਸਕਣਗੇ ਜੋ 25% ਮੀਟਿੰਗ ਵਿੱਚ ਹਾਜ਼ਰ ਰਹੇ ਹੋਣ।

# ਵੋਮੈਨ ਸੈੱਲ

ਕਾਲਜ ਵਿੱਚ ਲੜਕੀਆਂ ਦੀ ਵੱਡੀ ਗਿਣਤੀ ਨੂੰ ਵੇਖਦਿਆਂ 'ਵੋਮੈਨ ਸੈੱਲ' ਦਾ ਗਠਨ ਕੀਤਾ ਗਿਆ ਹੈ। ਵੋਮੈਨ ਸੈੱਲ ਦਾ ਕਾਰਜ ਸਚਾਰੂ ਰੂਪ ਵਿਚ ਚਲਾਉਣ ਲਈ ਪ੍ਰੋਫੈਸਰ ਸਾਹਿਬਾਨ ਦੀ ਇੱਕ ਕਮੇਟੀ ਬਣਾਈ ਗਈ ਹੈ। ਕਮੇਟੀ ਲੜਕੀਆਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਦਾ ਸਮੇਂ-ਸਮੇਂ ਜਾਇਜ਼ਾ ਲੈਂਦੀ ਹੈ ਅਤੇ ਲੋੜ ਅਨੁਸਾਰ ਕਦਮ ਚੁੱਕੇ ਜਾਂਦੇ ਹਨ। ਕਾਲਜ ਵਿੱਚ ਪੜ੍ਹਦੀ ਕਿਸੇ ਵੀ ਲੜਕੀ ਨੂੰ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਹੋਵੇ ਤਾਂ ਉਹ ਤੁਰੰਤ 'ਵੋਮੈਨ ਸੈੱਲ' ਨਾਲ ਸੰਪਰਕ ਕਰ ਸਕਦੀ ਹੈ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਤੋਂ ਟਿਊਸ਼ਨ ਫ਼ੀਸ/ਸਰਕਾਰੀ ਫੰਡਜ਼ ਅਤੇ ਨਾਨ-ਰੀਫੰਡਏਬਲ ਕੰਪਲਸਰੀ ਫ਼ੀਸਾਂ ਜੋ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਕਵਰ ਹੁੰਦੀਆਂ ਹਨ, ਨਹੀਂ ਲਈਆਂ ਜਾਣਗੀਆਂ। ਇਹ ਸਹੂਲਤ ਉਨ੍ਹਾਂ ਵਿਦਿਆਰਥੀਆਂ ਨੂੰ ਮਿਲੇਗੀ ਜਿਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 2.50 ਲੱਖ ਰੁਪਏ ਤੋਂ ਘੱਟ ਹੋਵੇਗੀ।

ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਜਿਨ੍ਹਾਂ ਦੇ ਪਰਿਵਾਰ ਦੀ ਸਲਾਨਾ ਆਮਦਨ 1 ਲੱਖ ਰੁਪਏ ਤੋਂ ਘੱਟ ਹੋਵੇਗੀ ਅਤੇ ਪਿਛਲੀ ਕਲਾਸ ਵਿੱਚੋਂ 60% ਨੰਬਰ ਹੋਣਗੇ ਉਹ ਪੋਸਟ ਮੈਟਰਿਕ ਸਕਾਲਰਸ਼ਿਪ ਦਾ ਲਾਭ ਪ੍ਰਾਪਤ ਕਰ ਸਕਣਗੇ।

ਪੋਸਟ ਮੈਟਰਿਕ ਸਕਾਲਰਸ਼ਿਪ ਦਾ ਲਾਭ ਘੱਟ ਗਿਣਤੀ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਮਿਲੇਗਾ ਜਿਨ੍ਹਾਂ ਦੇ ਪਰਿਵਾਰ ਦੀ ਆਮਦਨ 2 ਲੱਖ ਰੁਪਏ ਤੋਂ ਘੱਟ ਅਤੇ ਪਿਛਲੀ ਸ਼੍ਰੇਣੀ 'ਚੋਂ ਉਨ੍ਹਾਂ ਦੇ ਨੰਬਰ 50% ਹੋਣਗੇ।

**ਵਜੀਫੇ ਲਈ Online Apply ਕਰਨ ਦਾ ਤਰੀਕਾ-**

ਸਾਰੇ ਐਸ.ਸੀ./ਬੀ.ਸੀ. ਕੈਟਾਗਰੀ ਨਾਲ ਸੰਬੰਧ ਰੱਖਣ ਵਾਲੇ ਵਿਦਿਆਰਥੀ ਸਰਕਾਰ ਵੱਲੋਂ ਅਸ਼ੀਰਵਾਦ (ਪੋਰਟਲ) ਖੁੱਲਣ ਤੇ ਆਪਣੇ ਪੱਧਰ ਤੇ ਵਜੀਫ਼ੇ ਲਈ ਅਪਲਾਈ ਕਰਨਗੇ ਅਤੇ I.D. ਲੌਕ ਕਰਨ ਉਪਰੰਤ ਨਾਲ ਨੱਥੀ ਦਸਤਾਵੇਜ਼ਾਂ ਦੀ ਕਾਪੀ ਸਮੇਤ ਪ੍ਰਿੰਟ ਆਊਟ, ਕਾਲਜ ਦਫਤਰ ਵਿਖੇ ਤਿੰਨ (3) ਪੜਤਾਂ (ਫੋਟੋ ਕਾਪੀਆਂ) ਜਮ੍ਹਾਂ ਕਰਾਉਣਗੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਵਜੀਫ਼ਾ ਨਾ ਮਿਲਣ ਦੀ ਨਿਰੋਲ ਜ਼ਿੰਮੇਵਾਰੀ ਵਿਦਿਆਰਥੀ ਦੀ ਨਿੱਜੀ ਹੋਵੇਗੀ ਅਤੇ ਆਨਲਾਈਨ ਅਪਲਾਈ ਨਾ ਕਰਨ ਦੀ ਸੂਰਤ ਵਿੱਚ ਪੂਰੇ ਸਾਲ ਦੀ ਫੀਸ ਵਿਦਿਆਰਥੀ ਕੋਲੋਂ ਵਸੂਲ ਕੀਤੀ ਜਾਵੇਗੀ ਅਤੇ ਨਾਲ ਹੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਬਣਦਾ ਜੁਰਮਾਨਾ ਲਿਆ ਜਾਵੇਗਾ.

**ਨੋਟ -**

1. **ਪੀ.ਟੀ.ਏ (ਪੇਰੈਂਟਸ ਟੀਚਰਜ਼ ਐਸੋਸੀਏਸ਼ਨ) ਦਾ ਗਠਨ ਕਾਲਜ ਦੀ ਬਿਹਤਰੀ ਅਤੇ ਵਿਕਾਸ ਲਈ ਕੀਤਾ ਗਿਆ ਹੈ। ਇਹ ਵਿਦਿਆਰਥੀਆਂ ਦੇ ਹਿੱਤਾਂ ਲਈ ਕੰਮ ਕਰਦੀ ਹੈ।**
2. **ਸਕਾਲਰਸ਼ਿਪ ਲਈ ਉਹੀ ਖਾਤਾ ਨੰਬਰ ਜਾਇਜ਼ ਮੰਨਿਆ ਜਾਵੇਗਾ ਜਿਸ ਨਾਲ ਆਧਾਰ ਨੰਬਰ ਜੋੜਿਆ ਹੋਵੇਗਾ।**
3. **ਹਰੇਕ ਵਿਦਿਆਰਥੀ ਲਈ ਆਧਾਰ ਕਾਰਡ ਦੀ ਫੋਟੋਕਾਪੀ ਜਮ੍ਹਾਂ ਕਰਵਾਉਣੀ ਜ਼ਰੂਰੀ ਹੈ।**

# ਇਨਾਮਾਂ ਦੀ ਵੰਡ

ਕਾਲਜ ਵੱਲੋਂ ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਜਾਂਦੇ ਹਨ ;

## (ੳ) ਰੋਲ ਆਫ਼ ਆਨਰ

ਵਿੱਦਿਅਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਯੋਗਤਾ ਅਨੁਸਾਰ ਰੋਲ ਆਫ਼ ਆਨਰ ਪ੍ਰਦਾਨ ਕੀਤਾ ਜਾਂਦਾ ਹੈ।

### 1. ਅਕਾਦਮਿਕ ਰੋਲ ਆਫ਼ ਆਨਰ

1. ਅਕਾਦਮਿਕ ਖੇਤਰ ਵਿੱਚ ਰੋਲ ਆਫ਼ ਆਨਰ ਕਾਲਜ ਦੇ ਉਸ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ, ਜਿਸ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕਰਦੇ ਹੋਏ ਯੂਨੀਵਰਸਿਟੀ ਦੁਆਰਾ ਜਾਰੀ ਮੈਰਿਟ ਲਿਸਟ ਦੀਆਂ ਪਹਿਲੀਆਂ ਦਸ ਮੈਰਿਟ ਪੁਜ਼ੀਸ਼ਨਾ ਵਿੱਚ ਸਥਾਨ ਪ੍ਰਾਪਤ ਕੀਤਾ ਹੋਵੇ। ਸਾਲਾਨਾ ਇਨਾਮ ਵੰਡ ਸਮਾਰੋਹ ਦੀ ਮਿਤੀ ਤੱਕ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੁਆਰਾ ਮੈਰਿਟ ਲਿਸਟ ਜਾਰੀ ਨਾ ਕਰਨ ਦੀ ਸੂਰਤ ਵਿੱਚ ਯੂਨੀਵਰਸਿਟੀ ਨਿਯਮਾਂ (ਵਿਦਿਆਰਥੀਆਂ ਦੀ ਕੁੱਲ ਗਿਣਦੀ ਦੇ ਇੱਕ ਪ੍ਰਤੀਸ਼ਤ ਜਾਂ ਘੱਟ ਤੋਂ ਘੱਟ ਦੋ ਵਿਦਿਆਰਥੀ) ਅਨੁਸਾਰ ਤਿਆਰ ਕੀਤੀ ਗਈ ਮੈਰਿਟ ਲਿਸਟ ਦੇ ਆਧਾਰ ਤੇ ਉਪਰੋਕਤ ਇਨਾਮ ਪ੍ਰਦਾਨ ਕੀਤੇ ਜਾਣਗੇ।
2. ਉਹ ਵਿਦਿਅਰਥੀ ਜੋ ਪੂਰੇ ਕੋਰਸ ਦੇ ਦੌਰਾਨ ਲਗਾਤਾਰ ਯੂਨੀਵਰਸਿਟੀ ਮੈਰਿਟ ਲਿਸਟ ਵਿੱਚ ਪਹਿਲੀਆਂ ਦਸ ਪੁਜ਼ੀਸ਼ਨਾ ਤੋਂ ਬਾਅਦ ਦੀ ਪੁਜ਼ੀਸ਼ਨ ਪ੍ਰਾਪਤ ਕਰਦਾ ਰਿਹਾ ਹੈ, ਉਸਨੂੰ ਰੋਲ ਆਫ਼ ਆਨਰ ਕੋਰਸ ਪਾਸ ਕਰਨ ਉਪਰੰਤ ਦਿੱਤਾ ਜਾਵੇਗਾ।

### 2. ਸੱਭਿਆਚਾਰਕ ਖੇਤਰਾਂ ਲਈ ਰੋਲ ਆਫ਼ ਆਨਰ

ਸੱਭਿਆਚਾਰਕ ਖੇਤਰ ਵਿੱਚ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਰੋਲ ਆਫ਼ ਆਨਰ ਪ੍ਰਦਾਨ ਕੀਤੇ ਜਾਂਦੇ ਹਨ:-

1. ਯੂਨੀਵਰਸਿਟੀ/ਅੰਤਰ ਯੂਨੀਵਰਸਿਟੀ/ਰਾਜ/ਰਾਸ਼ਟਰ ਪੱਧਰ ਦੇ ਮੁਕਾਬਲਿਆਂ ਵਿੱਚ ਵਿਅਕਤੀਗਤ ਜਾਂ ਟੀਮ ਆਈਟਮਾਂ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ।
2. ਯੂਨੀਵਰਸਿਟੀ ਯੂਥ ਫੈਸਟੀਵਲ ਅਤੇ ਅੰਤਰ-ਕਾਲਜ ਮੁਕਾਬਲਿਆਂ ਵਿੱਚੋਂ ਘੱਟੋ-ਘੱਟ 25 ਅੰਕ ਪ੍ਰਾਪਤ ਕੀਤੇ ਹੋਣ (ਇੰਟਰ ਜੋਨਲ ਯੂਥ ਫੈਸਟੀਵਲ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਲਈ ਕ੍ਰਮਵਾਰ 7,5 ਅਤੇ 4 ਅੰਕ ਮੰਨ ਕੇ, ਖੇਤਰੀ ਯੁਵਕ ਮੇਲੇ ਲਈ ਕ੍ਰਮਵਾਰ 5,3,ਅਤੇ 2 ਅੰਕ ਮੰਨ ਕੇ ਅਤੇ ਅੰਤਰ ਕਾਲਜ ਮੁਕਾਬਲਿਆ ਲਈ ਕ੍ਰਮਵਾਰ 3,2 ਅਤੇ 1 ਅੰਕ ਮੰਨ ਕੇ, ਟਰਾਫੀ ਦੇ ਕੋਈ ਅੰਕ ਨਹੀਂ ਮਿਲਣਗੇ)।
3. ਐਨ.ਸੀ.ਸੀ., ਥਲ ਸੈਨਿਕ ਕੈਂਪ, ਵਾਯੂ ਸੈਨਿਕ ਅਤੇ ਨੌ ਸੈਨਿਕ ਕੈਂਪ, ਐੱਨ.ਐੱਸ.ਐੱਸ., ਗਣਤੰਤਰ ਦਿਵਸ/ਆਜ਼ਾਦੀ ਦਿਵਸ ਵਿੱਚ ਦਿੱਲੀ ਵਿੱਖੇ ਭਾਗ ਲੈਣ ਲਈ।

### 3. ਖੇਡਾਂ ਦੇ ਖੇਤਰ ਲਈ ਰੋਲ ਆਫ਼ ਆਨਰ

1. ਸੀਨੀਅਰ ਨੈਸ਼ਨਲ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ।
2. ਅੰਤਰ-ਯੂਨੀਵਰਸਿਟੀ/ਅੰਤਰ-ਸਟੇਟ/ਨੈਸ਼ਨਲ/ਜੂਨੀਅਰ ਨੈਸ਼ਨਲ/ਵੂਮੈਨ ਨੈਸ਼ਨਲ ਫੈਸਟੀਵਲ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ।
3. ਕਿਸੇ ਵੀ ਸਾਲ ਦੌਰਾਨ ਯੂਨੀਵਰਸਿਟੀ/ਸਟੇਟ ਕਲਰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ।
4. ਵਿਅਕਤੀਗਤ ਅਤੇ ਟੀਮ ਮੁਕਾਬਲਿਆਂ ਵਿੱਚੋ ਯੂਨੀਵਰਸਿਟੀ/ਸਟੇਟ ਪੱਧਰ ਤੇ ਪਹਿਲਾ ਸਥਾਨ ਪ੍ਰਾਪਤ ਕਰਨ ਲਈ।
5. ਯੂਨੀਵਰਸਿਟੀ/ਸਟੇਟ ਦੀ ਉਸ ਟੀਮ ਦੇ ਮੈਂਬਰਾਂ ਲਈ ਜਿਨ੍ਹਾਂ ਨੇ ਘੱਟ ਤੋਂ ਘੱਟ ਦੋ ਵਾਰ ਅੰਤਰ ਯੂਨੀਵਰਸਿਟੀ/ਜੂਨੀਅਰ ਨੈਸ਼ਨਲ/ਵੂਮੈਨ ਨੈਸ਼ਨਲ ਫੈਸਟੀਵਲ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ।
6. ਯੂਨੀਵਰਸਿਟੀ ਚੈਪੀਅਨਸ਼ਿਪ ਜਿੱਤਣ ਵਾਲੀ ਟੀਮ ਦੇ ਸਾਰੇ ਖਿਡਾਰੀਆਂ ਲਈ।

ਨੋਟ:- ਰੋਲ ਆਫ਼ ਆਨਰ ਤਾਂ ਹੀ ਦਿੱਤਾ ਜਾਵੇਗਾ ਜੇਕਰ ਸੰਬੰਧਿਤ ਮੁਕਾਬਲਿਆਂ ਵਿੱਚ ਘੱਟ ਤੋਂ ਘੱਟ ਪੰਜ ਟੀਮਾਂ ਨੇ ਭਾਗ ਲਿਆ ਹੋਵੇ।

## (ਅ) ਕਾਲਜ ਕਲਰ

ਸਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਆਂ ਲਈ ਕਾਲਜ ਕਲਰ ਪ੍ਰਦਾਨ ਕੀਤਾ ਜਾਂਦਾ ਹੈ।

### (1) ਸੱਭਿਆਚਾਰਕ ਖੇਤਰ

1. ਯੂਨੀਵਰਸਿਟੀ ਪੱਧਰ ਦੇ ਮੁਕਾਬਲਿਆਂ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਹੋਵੇ।
2. ਅੰਤਰ-ਯੂਨੀਵਰਸਿਟੀ/ਰਾਜ/ਰਾਸ਼ਟਰੀ ਪੱਧਰ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ।

3. ਯੂਥ ਫੈਸਟੀਵਲ ਅਤੇ ਅੰਤਰ-ਕਾਲਜ ਮੁਕਾਬਲਿਆਂ ਵਿੱਚ 20-24 ਅੰਕ ਪ੍ਰਾਪਤ ਕੀਤੇ ਹੋਣ (ਹਰ ਮੁਕਾਬਲੇ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਜ਼ਰੂਰ ਭਾਗ ਲਿਆ ਹੋਵੇ)।
4. ਕੋਈ ਟੀਮ ਜਾਂ ਵਿਅਕਤੀਗਤ ਪ੍ਰਤੀਯੋਗੀ ਜਿਸਨੇ ਘੱਟ ਤੋ ਘੱਟ ਚਾਰ ਅੰਤਰ-ਕਾਲਜ ਮੁਕਾਬਲਿਆਂ ਵਿੱਚ ਜੇਤੂ ਟਰਾਫ਼ੀ ਪ੍ਰਾਪਤ ਕੀਤੀ ਹੋਵੇ। (ਹਰ ਮੁਕਾਬਲੇ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਜ਼ਰੂਰ ਭਾਗ ਲਿਆਂ ਹੋਵੇ)।
5. ਯੂਥ ਕੱਲਬ ਦੇ ਖੇਤਰ ਵਿੱਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀ ਨੂੰ ।
6. ਖੇਤਰੀ ਯੁਵਕ ਮੇਲੇ ਵਿੱਚ ਪਹਿਲੀ ਅਤੇ ਦੂਜੀ ਪੁਜ਼ੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਅਤੇ ਗਰੁੱਪ ਆਈਟਮ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਦਿੱਤਾ ਜਾਂਦਾ ਹੈ।

### (2) ਖੇਡਾਂ ਲਈ ਕਾਲਜ ਕਲਰ

1. ਯੂਨੀਵਰਸਿਟੀ/ਸਟੇਟ ਦੀ ਉਸ ਟੀਮ ਦੇ ਖਿਡਾਰੀਆਂ ਨੂੰ ਜਿਨ੍ਹਾਂ ਨੇ ਅੰਤਰ-ਯੂਨੀਵਰਸਿਟੀ/ਅੰਤਰ ਸਟੇਟ/ਜੂਨੀਅਰ ਨੈਸ਼ਨਲ/ਰੂਰਲ ਨੈਸ਼ਨਲ/ਵੂਮੈਨ ਨੈਸ਼ਨਲ ਫੈਸਟੀਵਲ ਮੁਕਾਬਲਿਆਂ ਵਿੱਚ ਭਾਗ ਲਿਆਂ ਹੋਵੇ।
2. ਯੂਨੀਵਰਸਿਟੀ/ਸਟੇਟ ਟੂਰਨਾਮੈਂਟ ਵਿੱਚ ਦੂਸਰਾ ਜਾਂ ਤੀਸਰਾ ਸਥਾਨ ਪ੍ਰਾਪਤ ਕਨ ਵਾਲੀ ਟੀਮ ਦੇ ਕਾਲਜ ਵਿਚਲੇ ਸਾਡੇ ਖਿਡਾਰੀਆਂ ਨੂੰ।
3. ਕਿਸੇ ਵੀ ਵਿਅਕਤੀਗਤ ਮੁਕਾਬਲੇ ਵਿੱਚ ਯੂਨੀਵਰਸਿਟੀ/ਸਟੇਟ ਮੁਕਾਬਲਿਆਂ ਵਿੱਚੋਂ ਦੂਜਾ ਜਾਂ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਪ੍ਰਤੀਯੋਗੀ ਲਈ।
4. ਅੰਤਰ-ਯੂਨੀਵਰਸਿਟੀ ਲਈ ਚੁਣੀ ਗਈ ਕਿਸੇ ਮੁਕਾਬਲੇ ਦੀ ਟੀਮ ਦੇ ਮੈਂਬਰਾਂ ਨੂੰ ਵੀ ਕਾਲਜ ਕਲਰ ਦਿੱਤਾ ਜਾਵੇਗਾ ਭਾਵੇਂ ਨਾ ਟਾਲਣਯੋਗ ਹਾਲਾਤ ਕਾਰਨ ਇਸ ਟੂਰਨਾਮੈਂਟ ਵਿੱਚ ਇਹ ਮੁਕਾਬਲਾ ਸੰਭਵ ਨਾ ਹੋ ਸਕਿਆ ਹੋਵੇ।
5. ਯੂਨੀਵਰਸਿਟੀ ਦੀ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀ ਟੀਮ ਦੇ ਸਭ ਤੋਂ ਵਧੀਆ ਐਲਾਨੇ ਗਏ ਖਿਡਾਰੀ ਲਈ।
6. ਕਾਲਜ ਖੇਡ ਸਮਾਰੋਹ ਵਿੱਚ ਲੜਕੇ ਅਤੇ ਲੜਕੀਆਂ ਵਿੱਚੋਂ ਸਰਵੋਤਮ ਚੁਣੇ ਗਏ ਅਥਲੀਟਾਂ ਨੂੰ।

ਨੋਟ—ਕਾਲਜ ਕਲਰ ਤਾਂ ਹੀ ਪ੍ਰਦਾਨ ਕੀਤਾ ਜਾਵੇਗਾ ਜੇ ਸੰਬੰਧਤ ਮੁਕਾਬਲਿਆਂ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਭਾਗ ਲਿਆ ਹੋਵੇ।

## ਸਰਟੀਫਿਕੇਟ ਆਫ਼ ਮੈਰਿਟ

- ਅਕਾਦਮਿਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰਾਂ ਵਿੱਚ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ।

### (1) ਅਕਾਦਮਿਕ ਖੇਤਰ

1. ਉਹਨਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਦੇ ਨਾਮ ਯੂਨੀਵਰਸਿਟੀ ਦੀ ਮੈਰਿਟ ਲਿਸਟ ਵਿੱਚ ਹੋਣ।
2. ਉਹ ਵਿਦਿਆਰਥੀ, ਜਿਨ੍ਹਾਂ ਨੇ ਯੂਨੀਵਰਸਿਟੀ ਪ੍ਰੀਖਿਆ ਪਹਿਲੇ ਦਰਜੇ ਵਿੱਚ ਪਾਸ ਕਰਦੇ ਹੋਏ ਕਾਲਜ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੋਵੇ।

### (2) ਸੱਭਿਆਚਾਰਕ ਖੇਤਰ

1. ਉਹ ਵਿਦਿਆਰਥੀ ਜੋ ਯੂਨੀਵਰਸਿਟੀ ਜ਼ੋਨਲ ਯੂਥ ਫੈਸਟੀਵਲ ਦੇ ਮੁਕਾਬਲਿਆਂ ਵਿੱਚ ਤੀਸਰਾ ਸਥਾਨ ਪ੍ਰਾਪਤ ਕਰਨ।
2. ਯੂਨੀਵਰਸਿਟੀ ਗਰੁੱਪ ਆਈਟਮਾਂ ਵਿੱਚ ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰ ਹੋਣ।
3. ਯੂਥ ਫੈਸਟੀਵਲ ਅਤੇ ਅੰਤਰ-ਕਾਲਜ ਮੁਕਾਬਲਿਆਂ ਵਿੱਚ 15-19 ਅੰਕ ਪ੍ਰਾਪਤ ਕਰਨ। ਹਰ ਮੁਕਾਬਲੇ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਜ਼ਰੂਰ ਭਾਗ ਲਿਆ ਹੋਵੇ।
4. ਅੰਤਰ-ਕਾਲਜ ਮੁਕਾਬਲਿਆਂ ਵਿੱਚ ਟਰਾਫ਼ੀ ਪ੍ਰਾਪਤ ਕਰਨ ਵਾਲੀ ਟੀਮ ਦੇ ਮੈਂਬਰ।
5. ਕਾਲਜ ਮੈਗਜ਼ੀਨ ਦੇ ਹਰ ਭਾਗ ਦੇ ਵਿਦਿਆਰਥੀ ਸੰਪਾਦਕ ਲਈ।
6. ਲੈਵਲ ਕੈਂਪ ਅਤੇ ਬੈਸਟ ਵਲੰਟੀਅਰ ਯੂਥ ਕਲੱਬਾਂ (ਯੂਨੀਵਰਸਿਟੀ ਪੱਧਰ ਦੇ ਕੈਂਪ ਵਿੱਚ ਤਿੰਨ ਪੁਜ਼ੀਸ਼ਨਾਂ)
7. ਐਨ.ਸੀ.ਸੀ./ਐੱਨ.ਐੱਸ.ਐੱਸ./ਖੂਨਦਾਨ ਦੇ ਖੇਤਰ ਵਿੱਚ ਇੰਚਾਰਜ ਦੀ ਸਿਫ਼ਾਰਸ਼ ਤੇ ਅਖੀਰਲੇ ਸਾਲ ਦੇ ਸਭ ਤੋਂ ਵਧੀਆ ਇਕ ਵਿਦਿਆਰਥੀ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ।
8. ਯੂਨੀਵਰਸਿਟੀ ਵੱਲੋਂ ਆਯੋਜਿਤ ਯੂਥ ਲੀਡਰਸ਼ਿਪ ਟਰੇਨਿੰਗ ਕੈਂਪ ਵਿੱਚ ਹੋਏ ਸੱਭਿਆਚਾਰਕ ਮੁਕਾਬਲਿਆਂ ਵਿੱਚ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ।

### (3) ਖੇਡਾਂ ਲਈ ਸਰਟੀਫਿਕੇਟ ਆਫ਼ ਮੈਰਿਟ

1. ਯੂਨੀਵਰਸਿਟੀ ਟੂਰਨਾਮੈਂਟ ਵਿੱਚ ਦੋ ਮੈਚਾ ਵਿੱਚ ਜੇਤੂ ਰਹਿਣ ਵਾਲੀ ਟੀਮ ਦੇ ਸਾਰੇ ਮੈਂਬਰਾਂ ਲਈ।
2. ਯੂਨੀਵਰਸਿਟੀ ਟੂਰਨਾਮੈਂਟ ਵਿੱਚ ਇੱਕ ਮੈਚ ਜਿੱਤਣ ਲਈ ਟੀਮ ਦੇ ਕਪਤਾਨ ਅਤੇ ਵਾਇਸ ਕਪਤਾਨ ਲਈ।

ਨੋਟ—ਸਰਟੀਫਿਕੇਟ ਆਫ਼ ਮੈਰਿਟ ਤਦ ਹੀ ਪ੍ਰਦਾਨ ਕੀਤਾ ਜਾਵੇਗਾ ਜੇ ਸੰਬੰਧਿਤ ਮੁਕਾਬਲਿਆਂ ਵਿੱਚ ਘੱਟ ਤੋਂ ਘੱਟ 5 ਟੀਮਾਂ ਨੇ ਭਾਗ ਲਿਆ ਹੋਵੇ।

# ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਰਕਾਰੀ ਕੋ-ਐਜੂਕੇਸ਼ਨ ਕਾਲਜ, ਬੂਟਾ ਮੰਡੀ, ਜਲੰਧਰ

## Total Fees Per. Annum (2023-2024)

| Entry Class | Uni. Admi. Fees | Govt. Fees | Plus 144/180 Excluding all SC & Girls Students | Generator Fund | College Fund | PTA FOR 2022-23 | University Exam. Fees | HEIS Fees | Total |
|---|---|---|---|---|---|---|---|---|---|
| B.A-I (Non Practical) (1st & 2nd Sem) | 2300/- | 10/- | | 30/- | 569/- | 2000/- | 3800/- | 0/- | 8709/- |
| B.A-I (Practical) (1st & 2nd Sem) | 2300/- | 10/- | | 30/- | 569/- | 2000/- | 4800/- | 0/- | 9709/- |
| B.A.-II (Non Practical) (3rd & 4th Sem) | 2000/- | 10/- | | 30/- | 569/- | 2000/- | 3800/- | 0/- | 8409/- |
| B.A-II (Practical) (3rd & 4th Sem) | 2000/- | 10/- | | 30/- | 569/- | 2000/- | 4800/- | 0/- | 9409/- |
| B.A.-III (Non Practical) (5th & 6th Sem) | 2000/- | 10/- | | 30/- | 569/- | 2000/- | 3800/- | 0/- | 8409/- |
| B.A-III (Practical) (5th & 6th Sem) | 2000/- | 10/- | | 30/- | 569/- | 2000/- | 4800/- | 0/- | 9409/- |
| B.Sc-I (Non Medical) (1st & 2nd Sem) | 2300/- | 10/- | | 30/- | 569/- | 2000/- | 4800/- | 0/- | 9709/- |
| B.Sc-II (Non Medical) (3rd & 4th Sem) | 2000/- | 10/- | | 30/- | 569/- | 2000/- | 4800/- | 0/- | 9409/- |
| B.C.A-I (1st & 2nd Sem) | 2300/- | 10/- | | 30/- | 569/- | 2000/- | 4800/- | 16000/- | 25709/- |
| B.C.A-II (3rd & 4th Sem) | 2000/- | 10/- | | 30/- | 569/- | 2000/- | 4800/- | 16000/- | 25409/- |
| B.C.A-III (5th & 6th Sem) | 2000/- | 10/- | | 30/- | 569/- | 2000/- | 4800/- | 16000/- | 25409/- |
| PGDCA (1st & 2nd Sem) 2000 for already registered student with GNDU else 2300 | 2300/- | 10/- | | 30/- | 569/- | 2000/- | 4800/- | 18000/- | 27709/- |
| B.Com-I (1st and 2nd Sem) | 2300/- | 10/- | | 30/- | 569/- | 2000/- | 3800/- | 0/- | 8709/- |
| B.Com-II (3rd and 4th Sem) | 2000/- | 10/- | | 30/- | 569/- | 2000/- | 3800/- | 0/- | 8409/- |
| B.Com-III (5th and 6th Sem) | 2000/- | 10/- | | 30/- | 569/- | 2000/- | 4300/- | 0/- | 8909/- |
| BBA-I (1st and 2nd Sem) | 2300/- | 10/- | | 30/- | 569/- | 2000/- | 3800/- | 16000/- | 24709/- |
| BBA-II (3rd and 4th Sem) | 2000/- | 10/- | | 30/- | 569/- | 2000/- | 4300/- | 16000/- | 24909/- |
| M.Com - I (1st and 2nd Sem.) | 2300/- | 15/- | | 30/- | 569/- | 2000/- | 4800/- | | 9894/- |
| Certificte Programme in IT enabled Services (Jagat Guru Nanak Dev Open University, Patiala) On line Course | | | | | 750 | | 1000 | | 1750 |

ਵਿਸ਼ੇਸ਼ ਨੋਟ: ਪੰਜਾਬ ਸਰਕਾਰ/ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਫੀਸਾਂ ਵਿੱਚ ਕੀਤੇ ਕੋਈ ਵੀ ਬਦਲਾਵ ਕਾਲਜ ਵਿਦਿਆਰਥੀਆਂ ਤੇ ਲਾਗੂ ਹੋਣਗੇ।

ਨੋਟ-1. ਸਾਰੀਆਂ ਲੜਕੀਆਂ ਅਤੇ 2.50 ਲੱਖ ਤੋਂ ਘੱਟ ਆਮਦਨ ਵਾਲੇ ਮਾਪਿਆਂ ਦੇ ਐਸ.ਸੀ. ਲੜਕਿਆਂ ਕੋਲੋਂ ਟਿਊਸ਼ਨ ਫ਼ੀਸ ਨਹੀਂ ਲਈ ਜਾਵੇਗੀ।

2. ਡਾਇਰੈਕਟਰ ਸਿੱਖਿਆ ਵਿਭਾਗ (ਕਾ.) ਪੰਜਾਬ ਚੰਡੀਗੜ੍ਹ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਜਾਰੀ ਹੋਈਆਂ ਹਦਾਇਤਾਂ ਦੇ ਅਨੁਸਾਰ ਹਰ ਵਿਦਿਆਰਥੀ ਪਾਸੋਂ ਲਾਗੂ ਫ਼ੀਸਾਂ ਲਈਆਂ ਜਾਣਗੀਆਂ। ਫ਼ੀਸਾਂ ਬਾਰੇ ਕੋਈ ਤਬਦੀਲੀ ਦੀ ਸੂਚਨਾ ਸਰਕਾਰ ਜਾਂ ਯੂਨੀਵਰਸਿਟੀ ਵੱਲੋਂ ਆਈ ਤਾਂ ਲਾਗੂ ਕੀਤੀ ਜਾਵੇਗੀ।

# ਵਿਦਿਆਰਥੀਆਂ ਦੀਆਂ ਸ਼ਲਾਘਾਯੋਗ ਪ੍ਰਾਪਤੀਆਂ : ਅਕਾਦਮਿਕ, ਸੱਭਿਆਚਾਰਕ ਅਤੇ ਖੇਡਾਂ



ਸੁਨੀਤਾ, ਬੀ.ਏ. ਭਾਗ-3
ਯੂਨੀਵਰਸਿਟੀ ਵਿੱਚੋਂ ਡਿਸਟਿੰਕਸ਼ਨ



ਕੰਵਰ ਪ੍ਰਤਾਪ ਸਿੰਘ, ਪੀ.ਜੀ.ਡੀ.ਸੀ.ਏ.
ਯੂਨੀਵਰਸਿਟੀ ਵਿੱਚੋਂ ਡਿਸਟਿੰਕਸ਼ਨ



ਬਬਲੀ ਸੈਣੀ, ਬੀ.ਏ. ਭਾਗ-2,
ਕਾਲਜ ਵਿੱਚੋਂ ਪਹਿਲਾ ਸਥਾਨ



ਪ੍ਰਿੰਸ, ਬੀ.ਏ. ਭਾਗ-1,
ਕਾਲਜ ਵਿੱਚੋਂ ਪਹਿਲਾ ਸਥਾਨ



ਚੰਚਲ, ਬੀ.ਕਾਮ, ਭਾਗ-2,
ਕਾਲਜ ਵਿੱਚੋਂ ਪਹਿਲਾ ਸਥਾਨ



ਹਰਪ੍ਰੀਤ ਕੌਰ ਖੁੰਮਣ, ਬੀ.ਕਾਮ. ਭਾਗ-1,
ਕਾਲਜ ਵਿੱਚੋਂ ਪਹਿਲਾ ਸਥਾਨ



ਕਸ਼ਿਸ, ਬੀ.ਸੀ.ਏ., ਭਾਗ-1
ਕਾਲਜ ਵਿੱਚੋਂ ਪਹਿਲਾ ਸਥਾਨ



ਰੋਸ਼ਨੀ, ਬੀ.ਏ., ਭਾਗ-3
ਕਾਲਜ ਵਿੱਚੋਂ ਪਹਿਲਾ ਸਥਾਨ



ਗੌਰਵ, ਬੀ.ਏ., ਭਾਗ-1
ਇੰਸਟਾਲੇਸ਼ਨ ਦੂਜਾ ਸਥਾਨ



ਸੋਨੂੰ ਪ੍ਰਸਾਦ ਬੀ.ਏ. ਭਾਗ-1
ਇੰਸਟਾਲੇਸ਼ਨ ਦੂਜਾ ਸਥਾਨ



ਗੌਰਵ ਬੀ.ਏ. ਭਾਗ-2
ਇੰਸਟਾਲੇਸ਼ਨ ਦੂਜਾ ਸਥਾਨ



ਦਵਿੰਦਰ ਕੁਮਾਰ ਬੀ.ਏ. ਭਾਗ-1,
ਇੰਸਟਾਲੇਸ਼ਨ ਦੂਜਾ ਸਥਾਨ



ਅਲੀਸ਼ਾ, ਬੀ.ਏ.,ਭਾਗ-1
ਕਲੇਅ ਮਾਡਲਿੰਗ ਦੂਜਾ ਸਥਾਨ



ਤਨਵੀ ਵਿਰਦੀ, ਬੀ.ਕਾਮ ਭਾਗ-1
ਕਲਾਸੀਕਲ ਡਾਂਸ ਦੂਜਾ ਸਥਾਨ



ਨੇਹਾ, ਬੀ.ਏ. ਭਾਗ-1,
ਬੈਸਟ ਐਥਲੀਟ (ਲੜਕੀਆਂ)



ਰੋਬਿਨ, ਬੀ.ਏ. ਭਾਗ-1,
ਬੈਸਟ ਐਥਲੀਟ (ਲੜਕਿਆਂ)